# ਧਰਤੀ ਦੀ ਕੰਬਣੀ

(ਕਾਵਿ-ਸੰਗ੍ਰਹਿ)



ਮਨਮੋਹਨ ਸਿੰਘ ਦਾਊਂ

# ਧਰਤੀ ਦੀ ਕੰਬਣੀ

(ਕਾਵਿ-ਸੰਗ੍ਰਹਿ)

ਮਨਮੋਹਨ ਸਿੰਘ ਦਾਊਂ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

## ਸਮਰਪਣ

ਧਰਤੀ ਦੇ ਵਾਹਕਾਂ ਦੇ
ਨਾਂ!

## ਇਸ ਤੋਂ ਪਹਿਲਾਂ ਪ੍ਰਕਾਸ਼ਿਤ ਕਾਵਿ-ਸੰਗ੍ਰਹਿ :

1. ਖ਼ਾਮੋਸ਼ ਚਸ਼ਮਾ-1971
2. ਦਰਦ ਸੰਗ ਦੋਸਤੀ-1975
3. ਮਿੱਟੀ ਦਾ ਰੁਦਨ-1986
4. ਰਾਤਾਂ ਪ੍ਰਭਾਤਾਂ-1988
5. ਅਗੰਮ ਅਗੋਚਰ-2003
6. ਸ਼ਾਇਰੀ ਦਾ ਸਰਵਰ-2007
7. ਸ਼ਾਇਰੀ ਸਾਗਰ-2011 (ਇਨਾਮੀ)
8. ਉਦਾਸੀਆਂ ਦਾ ਬੂਹਾ : ਸੁਲਖਣੀ-2014
9. ਪੰਛੀ ਬਿਰਖ ਸੁਹਾਵੜਾ-2016 (ਇਨਾਮੀ)
10. ਤਿੱਪ ਤੇ ਕਾਇਨਾਤ-2018
11. ਚਾਨਣ ਦੀ ਪੈੜ-2019
12. ਸਮਿਆਂ ਦੇ ਨਾਇਕ-2020

# ਪ੍ਰਾਕਥਨ

'ਧਰਤੀ ਦੀ ਕੰਬਣੀ' ਪਿਛਲੇ ਲੰਮੇ ਸਮੇਂ ਤੋਂ ਮੇਰੇ ਦਿਲ 'ਚ ਇੱਕ ਧੂਅ ਪਾਉਂਦੀ ਰਹੀ। ਇਨ੍ਹਾਂ ਸਮਿਆਂ ਵਿੱਚ ਬਹੁਤ ਹੈਰਾਨੀਜਨਕ ਤੇ ਚਿੰਤਾਜਨਕ ਵਾਪਰਦਾ ਰਿਹਾ। ਦੇਸ-ਪ੍ਰਦੇਸ ਦੀਆਂ ਘਟਨਾਵਾਂ ਮਨ ਨੂੰ ਠੇਸ ਪਹੁੰਚਾਉਂਦੀਆਂ ਰਹੀਆਂ। ਪੰਜਾਬ ਦੀਆਂ ਸਮੱਸਿਆਵਾਂ ਨੇ ਅੰਦਰੋਂ ਖੋਰਾ ਜਿਹਾ ਲਾ ਦਿੱਤਾ। ਬੇਬਸੀ ਦੇ ਆਲਮ ਨੇ ਮਨੁੱਖ ਦੀ ਸੰਵੇਦਨਾ ਨੂੰ ਝੰਜੋੜ ਦਿੱਤਾ। ਅਣ-ਮਨੁੱਖੀ ਵਰਤਾਰਿਆਂ ਨਾਲ ਜਿਵੇਂ ਧਰਤੀ ਕੰਬਣ ਲੱਗੀ। ਵੱਡੀਆਂ ਜ਼ਿੰਮੇਵਾਰੀਆਂ ਦਾ ਅਹਿਸਾਸ ਮਨ ਨੂੰ ਲੂੰਹਦਾ ਰਿਹਾ। ਪੰਜਾਬੀ ਰਹਿਤਲ ਨੂੰ ਸਮਝਣਾ ਇਨ੍ਹਾਂ ਸਮਿਆਂ ਵਿੱਚ ਜ਼ਰੂਰੀ ਹੋ ਗਿਆ। ਕਵਿਤਾ ਸਭਿਆਚਾਰ ਤੇ ਸੁਚੱਜੇ ਸਮਾਜ ਦੀ ਸਿਰਜਣਾ ਲਈ ਸਦਾ ਹੀ ਅਹਿਮ ਭੂਮਿਕਾ ਨਿਭਾਉਂਦੀ ਰਹੀ। ਮਾਂਵਾਂ ਅਤੇ ਕਵਿਤਾਵਾਂ ਦੀ ਕੁੱਖ ਸਿਰਜਣਹਾਰੀ ਹੁੰਦੀ ਹੈ ਜਿਨ੍ਹਾਂ ਸਦਕਾ ਭਵਿੱਖ ਉੱਜਵਲ ਹੁੰਦੇ ਹਨ। ਕਵਿਤਾ ਦੇ ਮਾਨਵੀ ਕਰਤਾਰੀ ਕਰਮ ਰਾਹੀਂ, ਮੈਂ ਇਨ੍ਹਾਂ ਦੇ ਸੰਗ-ਸੰਗ ਤੁਰਨ ਦੀ ਕੋਸ਼ਿਸ਼ ਕੀਤੀ ਹੈ। ਬੰਦੇ ਦੀ ਅੰਦਰਲੀ ਅਕਾਂਖਿਆ 'ਧਰਤੀ ਦੀ ਕੰਬਣੀ' ਹੈ।

21 ਫਰਵਰੀ, 2024
(ਮਾਂ-ਬੋਲੀ ਦਿਵਸ)

**ਮਨਮੋਹਨ ਸਿੰਘ ਦਾਊਂ**
ਮੋ. 98151-23900

## ਕਾਵਿ ਤਰਤੀਬ

- **ਸਰਗ ਪਹਿਲਾ :**

  ਚਿੰਤਨ ਤੇ ਸੰਵੇਦਨਾ ਸੰਗ ਤੁਰਦੇ-ਤੁਰਦੇ


| | | |
|---|---|---|
| 1. | ਸ਼ਬਦਾਂ ਦੀ ਲੀਲ੍ਹਾ | 15 |
| 2. | ਰੂਹ ਦੀ ਪੈੜ | 18 |
| 3. | ਮੁਹੱਬਤ ਦੀ ਜਰੀਬ | 20 |
| 4. | ਧਰਤੀ 'ਤੇ ਤੁਰਦਾ ਬੰਦਾ | 22 |
| 5. | ਸ਼ਾਇਰੀ ਦਾ ਕਰਮ | 24 |
| 6. | ਜਜ਼ਬਾਤ ਦੀ ਗੱਲ | 26 |
| 7. | ਅਹਿਦਨਾਮਾ | 28 |
| 8. | ਕੁਝ ਸੋਚੀਏ ਦੇਸ ਪੰਜਾਬ ਲਈ | 30 |
| 9. | ਧਰਤੀ ਦੇ ਪੈਰ | 32 |
| 10. | ਕਣਕ ਕੇਰਦਾ ਕਿਸਾਨ | 34 |
| 11. | ਜਲ੍ਹਿਆਂ ਵਾਲਾ ਬਾਗ਼ | 36 |
| 12. | ਪੇਂਡੂ ਘਰ | 38 |
| 13. | ਆਸਾਂ ਉਮੀਦਾਂ | 40 |
| 14. | ਸ਼ਹਿਰੀ ਘਰ | 41 |
| 15. | ਪਰਵਾਸ ਦੀ ਦੌੜ | 43 |
| 16. | ਸਿਧਾਰਥ ਤੋਂ ਬੋਧੀ ਬਣਨ ਦੇ ਛਿਨ | 46 |
| 17. | ਮਨੁੱਖੀ ਵਿਗਾਸ ਪ੍ਰਕਿਰਿਆ | 49 |
| 18. | ਬੱਦਲਾਂ ਦੇ ਬਹੁ-ਰੰਗੇ ਪ੍ਰਸੰਗ | 51 |

19. ਮਰਜੀਵੜੀਆਂ 53
20. ਅਧਰੈਣੀ ਦਾ ਇਕ ਪਲ 55
21. ਫੱਤੂ ਬਾਬਾ 56
22. ਤੈਰਦੇ ਪੱਤੇ ਦੀ ਤਕਦੀਰ 58
23. ਦਰਿਆ ਦਾ ਕਰਮ 60
24. ਵੇਦਨਾ ਪ੍ਰਤੀ ਸੰਵੇਦਨਾ 62
25. ਲੋਕਾਈ ਦੀ ਖ਼ੈਰ-ਸੁੱਖ 64
26. ਦਰਿਆ ਦੀਆਂ ਅੱਖਾਂ 66
27. ਪ੍ਰਕਿਰਤੀ ਨਾਲ ਗੱਲਾਂ 68
28. ਰੂਹ ਦਾ ਚਾਨਣ 70
29. ਤ੍ਰੇਹ ਦੀ ਗੁਫ਼ਤਗੂ 72
30. ਚਾਨਣ ਦਾ ਸਾਹਸ 74
31. ਸ਼ਾਇਰ ਦੇ ਬੋਲ 75
32. ਪ੍ਰਦੇਸ ਤੁਰਨ ਵੇਲਾ 78
33. ਖੁਰਚਨ 80
34. ਗੀਤ 82
35. ਗੀਤ 84
36. ਧੁੱਪ ਅਤੇ ਕਵਿਤਾ 86
37. ਮਨੀਪੁਰ ਅਣਮਨੁੱਖੀ ਤਾਂਡਵ 88
38. ਕਿੰਝ ਖੁੰਡੀ ਬਣੀ ਹਥਿਆਰ 90

39. ਧਰਤੀ ਦੀ ਕੰਬਣੀ 92
40. ਜੀਵਨ ਕਲਾ 95

• **ਸਰਗ ਦੂਜਾ** : ਅਤੀਤ ਦੀ ਖਿੜਕੀ

41. ਚੱਕੀ 99
42. ਕਟੋਰਾ 101
43. ਪੋਰ 103
44. ਚੁੱਲ੍ਹਾ 105
45. ਰੁਮਾਲ ਵਾਲੀ ਕੂੰਜੀ 107
46. ਤੰਗਲੀ 109
47. ਮਿੱਟੀ ਦਾ ਡਲਾ 111
48. ਵਹੀਆਂ ਕਿੱਥੇ ਗਈਆਂ ? 113
49. ਸ਼ੁਗਲਬੰਦੀ 115
50. ਡੂੰਘਾ ਪਾਣੀ, ਡੂੰਘਾ ਚਿੰਤਨ 116

• **ਸਰਗ ਤੀਜਾ** : ਨਿੱਕੀਆਂ ਕਵਿਤਾਵਾਂ ਵਰਤਮਾਨ ਨਾਲ ਗੱਲਾਂ

51. ਛਿਲਕਾ 119
52. ਕਾਰਬਨ-ਪੇਪਰ 120
53. ਧੁੱਪ ਨਾਲ ਗੱਲਾਂ 121
54. ਕੜਛੀ 122
55. ਚਾਨਣ ਦੀ ਅਰਦਾਸ 123

56. ਐਨਕ 124
57. ਬੱਦਲ ਦਾ ਖੰਭ 125
58. ਧੁੱਪ ਤੇ ਬੱਚਾ 126
59. ਪ੍ਰਛਾਵਾਂ 127
60. ਵੰਨ-ਸੁਵੰਨਤਾ 128
61. ਝਾਮਾ 129
62. ਪਿੰਡ ਦੀ ਉਦਾਸੀ 130
63. ਠੀਕਰ 131
64. ਲੱਕੜ ਦੀ ਗੇਲੀ 133
65. ਕਰੌਂਕਰੀ ਉਦਾਸ ਹੈ 134
66. ਸੂਈ ਦਾ ਨੱਕਾ 135
67. ਥਰਮਸ 136
68. ਵਰਤਾਰਾ 137
69. ਤੌਲੀਆ 138
70. ਘਰ 139
71. ਮਮਤਾ 140
72. ਹੁਸਨ 141
73. ਅੱਖਰਾਂ ਦੇ ਦੀਵੇ 142
74. ਕਿਰਨ 142
75. ਕਣਕ ਦਾ ਉੱਗਣਾ 143
76. ਮਿਠਾਸ 144

# ਸਰਗ ਪਹਿਲਾ

## ਚਿੰਤਨ ਤੇ
## ਸੰਵੇਦਨਾ ਸੰਗ
## ਤੁਰਦੇ-ਤੁਰਦੇ

ਸੂਰਜ ਚਾਨਣ ਵੰਡਦਾ
ਧੰਦੜੇ ਲੱਗਿਆ ਜੱਗ,
ਰੈਣ ਆਖਦੀ ਨੇਰ੍ਹ ਨੂੰ
ਆਖ਼ਰ ਤੂੰ ਜਾਣਾ ਹੈ ਭੱਜ!

## ਸ਼ਬਦਾਂ ਦੀ ਲੀਲ੍ਹਾ

ਆਓ, ਸ਼ਬਦਾਂ ਦੇ ਅਰਥ ਸਮਝੀਏ
ਕਿੰਨੀਆਂ ਸਦੀਆਂ ਤੋਂ
ਤੁਰਦੇ ਆਏ ਸ਼ਬਦ ਬੰਦੇ ਦੇ ਨਾਲ।

ਸ਼ਬਦ ਕਦੇ ਵੀ ਸਾਥ ਨਹੀਂ ਛੱਡਦਾ
ਨਾ ਹੀ ਮਰਦਾ
ਬੰਦਾ ਹੀ ਪਿੱਠ ਮੋੜ ਲੈਂਦਾ ਹੈ
ਜਾਂ ਪੈਰਾਂ ਹੇਠਾਂ ਸੁੱਟ ਦੇਂਦਾ ਹੈ।

ਸ਼ਬਦ ਤਾਂ ਸ਼ਕਤੀ ਹਨ
ਭਗਤੀ ਹਨ, ਬ੍ਰਹਮ ਦੀ ਮੂਰਤ
ਸ਼ਬਦਾਂ ਵਿੱਚ ਸੁੱਤਾ ਇਤਿਹਾਸ ਸਮੇਂ ਦਾ
ਜਿਵੇਂ ਸ਼ਬਦ ਹੈ 'ਜੰਗ'
ਯਾਦ ਕਰਾਉਂਦਾ ਲੜਾਈ ਦੇ ਦ੍ਰਿਸ਼
ਜੰਗ-ਏ-ਮੈਦਾਨ ਚਲਦੀਆਂ
ਤਲਵਾਰਾਂ, ਨੇਜੇ, ਕਟਾਰਾਂ, ਤੀਰ-ਕਮਾਨ
ਬੰਦੂਕਾਂ, ਬੰਬ, ਐਟਮੀ-ਹਥਿਆਰ
ਮਿਜ਼ਾਇਲਾਂ, ਪ੍ਰਮਾਣੂ-ਬੰਬ
ਤੇ ਹੀਰੋਸ਼ੀਮਾ-ਨਾਗਾਸਾਕੀ ਦਾ
ਲਹੂ ਭਿੱਜਿਆ ਦੁਖਾਂਤ ਇਤਿ-ਆਦਿ।
ਜਦੋਂ ਪੜ੍ਹਦੇ ਹਾਂ ਸ਼ਬਦ 'ਅਮਨ'

ਸਹਿਜ ਹੋ ਜਾਂਦਾ ਹੈ ਮਨ
ਸਰਵਰਾਂ ਵਿੱਚ ਫੁੱਲ ਤੈਰਨ ਲਗਦੇ
ਖਿੜਦਾ ਦਿੱਸੇ ਹਰ ਘਰ ਦਾ ਵਿਹੜਾ
ਹੱਸਦੇ ਨੇ ਬੱਚੇ, ਚੁੱਲ੍ਹੇ 'ਤੇ ਪੱਕਦੀ ਹੈ ਰੋਟੀ
ਲਗਦੀ ਬੜੀ ਸੁਆਦ
ਤੇ ਅੰਬਰ 'ਤੇ ਉੱਡਦੀ ਘੁੱਗੀ
'ਪਿਕਾਸੋ' ਨੂੰ ਯਾਦ ਕਰਾਉਂਦੀ
ਮੁਹੱਬਤ ਦੇ ਨਗ਼ਮੇ ਯਾਦ ਨੇ ਆਉਂਦੇ
ਰੁੱਤ ਵਿਕਾਸ ਦੀ ਮੌਲਣ ਲਗਦੀ
ਕਿੰਨਾ ਚੰਗਾ 'ਅਮਨ' ਸ਼ਬਦ ਹੈ।
ਬੰਦਿਆ-
ਸ਼ਬਦਾਂ ਤੋਂ ਬੇਮੁਖ ਨਾ ਹੋ
'ਗੁੜ' ਸ਼ਬਦ ਵਰਗੀ ਮਿਠਾਸ ਕਿੱਥੋਂ ਲੱਭਣੀ
ਯਾਦ ਆਉਂਦਾ ਹੈ ਗੰਨਾ
ਤੇ ਵੇਲ੍ਹਣੇ ਵਾਲੀ ਘਲਾੜੀ
ਕੜਾਹੇ 'ਚੋਂ ਤਾਜ਼ੇ ਗੁੜ ਦੀ
ਪੌਣਾਂ ਵਿੱਚ ਘੁਲਦੀ ਸੁਗੰਧੀ
ਗੁੜ ਦੇ ਚੱਕ ਦੁਆਲੇ ਉਂਗਲਾਂ ਚੱਟਣਾ
ਕਿੰਨੇ ਸ਼ਬਦ ਮਿੱਠੇ-ਮਿੱਠੇ ਯਾਦ ਨੇ ਆਉਂਦੇ।
'ਮਾਂ' ਸ਼ਬਦ ਤੋਂ ਸੁੱਚਾ
ਹੋਰ ਸ਼ਬਦ ਹੈ ਕਿਹੜਾ
ਸਿਰਜਣਾ ਦੀ ਕੁੱਖ
ਸੀਰ ਦਾ ਸਾਗਰ

ਮਮਤਾ ਦਾ ਨੂਰ
ਕੁਰਬਾਨੀ ਦੀ ਪੁੰਜ, ਠੰਢੜੀ ਛਾਂ
ਕਿੰਨੇ ਸ਼ਬਦ ਚੇਤੇ ਕਰਾਉਂਦੀ ਹੈ ਮਾਂ
ਧੰਨ ਸ਼ਬਦਾਂ ਦੀ ਲੀਲ੍ਹਾ
ਕਿੰਜ ਮਾਂ ਤੋਂ ਸਦਕੇ ਜਾਂ।
ਆਓ, ਸ਼ਬਦਾਂ ਦੇ ਅਰਥ ਸਮਝੀਏ
ਸ਼ਬਦ ਤੁਰਦੇ ਨੇ ਸਾਡੇ ਅੰਗ-ਸੰਗ।

●

## ਰੂਹ ਦੀ ਪੈੜ

ਮਿਲਣ ਦੀ ਤਾਂਘ ਸੀ ਵੱਡੀ
ਮਿਲੇ ਤਾਂ-
ਮਿਟ ਗਈ ਵਿੱਥ
ਪਹਾੜੀ ਜਿੱਡੀ।

ਮਿਲਣ ਦੀ ਤਾਂਘ ਪਿੱਛੇ
ਜਨਮਾਂ ਦੀ ਤ੍ਰੇਹ
ਖ਼ਾਮੋਸ਼ੀ ਹੰਢਾ
ਕਾਇਆ ਦਾ ਦੀਵਾ
ਬਾਲਦੀ ਰਹੀ ਰਾਤੀਂ
ਜਦੋਂ ਮਿਲੇ-
ਤਾਂ ਚਾਨਣ ਦੇ ਕੱਜਣ ਬਿਨਾਂ
ਓਢਣ ਨੂੰ
ਰਿਹਾ ਨਾ ਕੁੱਝ ਬਾਕੀ।

ਮਿਲਣ ਦੀ ਤਾਂਘ
ਕਦੋਂ ਜਾਗੀ
ਖ਼ਬਰ ਨਾ ਕਾਈ
ਕਦੇ ਮੈਂ ਸੋਚਾਂ
ਕਦੇ ਉਹ ਸੋਚੇ
ਮੁਹੱਬਤ ਦੀ ਇਬਾਰਤ
ਦਿਲਾਂ 'ਚ ਮਹਿਕ ਬਣ ਆਈ।

ਮਿਲਣ ਦੀ ਤਾਂਘ ਪਿੱਛੋਂ
ਵਿਛੜਨਾ ਬੜਾ ਉਦਾਸ ਲੱਗਦਾ ਸੀ,
ਪਰ ਤੁਰਨ ਪਿੱਛੋਂ
ਮੇਰਾ ਆਪਾ ਰਹਿ ਗਿਆ ਪਿੱਛੇ
ਤੇ ਉਸ ਦਾ ਸਾਥ
ਮੇਰੀ ਰੂਹ ਦੀ ਜੂਹ 'ਚ
ਮੇਰੇ ਸੰਗ
ਪੈੜ ਬਣ ਤੁਰਿਆ।

ਮਿਲਣ ਤੇ-
ਕਿੰਨੇ ਪਿਆਰੇ ਸੀ ਹੱਥ ਜਾਪੇ
ਫੁੱਲਾਂ ਦੀ ਖ਼ੁਸ਼ਬੂ ਵੰਡਦੇ,
ਕਿੰਨੇ ਸੁੰਦਰ ਨੈਣ ਲੱਗੇ
ਤੱਕਣੀ ਦੇ ਘੁੱਟ ਭਰਦੇ,
ਕਿੰਨੇ ਰਸੀਲੇ ਬੁੱਲ੍ਹ ਮਾਣੇ
ਗੀਤਾਂ ਦੀ ਮਿੱਠੀ ਤਰਜ਼ ਵਰਗੇ।

ਕਿੰਨੀ ਪਿਆਰੀ ਤਾਂਘ ਮਿਲਣ ਦੀ
ਕਿੰਨੀ ਪਿਆਰੀ ਰੂਹ ਦੀ ਪੈੜ।

●

## ਮੁਹੱਬਤ ਦੀ ਜਰੀਬ

ਮੇਰੇ ਰਾਮ ਜੀਓ
ਘੜੋ ਜਰੀਬ ਅਜਿਹੀ ਕੋਈ,
ਵੰਡੀਆਂ ਛੰਡੇ, ਸਾਂਝਾਂ ਵੰਡੇ
ਇਹ ਧਰਤੀ ਅੱਗਾਂ ਵੱਸ ਹੋਈ।

ਮੋਹ, ਅਪਣੱਤ ਦੀਆਂ ਤੰਦਾਂ ਰਾਹੀਂ
ਜੋੜੋ ਏਸ ਜਰੀਬ ਦੀਆਂ ਕੜੀਆਂ,
ਇਸ ਧਰਤੀ ਦੇ ਕਬਜ਼ੇ ਖ਼ਾਤਰ
ਧਾੜ ਸਕੰਦਰੀ ਫ਼ੌਜਾਂ ਲੜੀਆਂ।
ਕੀ ਕਲਿੰਗਾ ਜਿੱਤ ਕੇ ਬਣਨਾ
ਜੇ ਮਮਤਾ ਹੀ ਇੱਥੋਂ ਮੋਈ,
ਮੇਰੇ ਰਾਮ ਜੀਓ
ਘੜੋ ਜਰੀਬ ਮੁਹੱਬਤ ਕੋਈ।

ਵੱਗਦੇ ਦਰਿਆ ਖ਼ੈਰਾਂ ਵੰਡਦੇ
ਭਿੰਨ-ਭੇਦ ਦੀ ਗੱਲ ਨਾ ਕਰਦੇ,
ਪਿੱਠਾਂ ਉੱਤੇ ਸੂਰਜ ਚੁੱਕੀ
ਬੂੰਦ-ਬੂੰਦ ਬਣ ਥੱਲ 'ਤੇ ਵਰ੍ਹਦੇ,
ਅਸੀਂ-ਤੁਸੀਂ ਪਰ ਧੁੱਪ-ਛਾਂ ਵੰਡਦੇ
ਹਿੱਚਕੀ ਭਰ-ਭਰ ਧਰਤੀ ਰੋਈ।

ਮੇਰੇ ਰਾਮ ਜੀਓ
ਘੜੋ ਜਰੀਬ ਮੁਹੱਬਤ ਕੋਈ।

ਰੁੱਖ, ਬੂਟੇ, ਜੀਵ ਤੇ ਪੰਛੀ
ਥਾਂ-ਕੁਥਾਂ ਲਈ ਕਦੇ ਨਾ ਲੜਦੇ,
ਧਰਤੀ ਦੇ ਹਮਸਾਏ ਐਪਰ
ਕੱਖ-ਕਾਨ੍ਹਿਆਂ ਵਾਂਗੂੰ ਸੜਦੇ,
ਕਿਸ ਛੱਤ ਥੱਲੇ ਬੈਠ ਸਕੇਂਗਾ
ਜੇ ਚਾਨਣ ਦੀ ਕਿਰਨ ਹੀ ਖੋਈ,
ਮੇਰੇ ਰਾਮ ਜੀਓ,
ਘੜੋ ਜਰੀਬ ਮੁਹੱਬਤ ਕੋਈ।

●

# ਧਰਤੀ 'ਤੇ ਤੁਰਦਾ ਬੰਦਾ

ਬੱਲਿਆ–
ਧਰਤੀ 'ਤੇ ਜਦ ਤੂੰ
ਪੱਬ ਧਰਦਾ ਹੈਂ
ਤਾਂ ਬ੍ਰਹਿਮੰਡ ਦਾ
ਹਿੱਸਾ ਬਣਦਾ ਹੈਂ।

ਇਹ ਜਨਮ ਸੁਭਾਗਾ ਮਿਲਿਆ ਜੋ
ਕਿਸ ਲੇਖੇ ਲਾਉਣਾ ਸਿਖ ਲਵੀਂ
ਇਹ ਧਰਤੀ ਸਭ ਦੀ ਜਾਈ ਹੈ
ਇਹਨੂੰ ਨਮਨ ਕਰਨ ਤੂੰ ਭੁੱਲੀਂ ਨਾ
ਇਹ ਪੈਰਾਂ ਥੱਲੇ ਰਹਿੰਦੀ ਹੈ
ਮੋਇਆਂ ਦੇ ਉੱਤੇ ਹੁੰਦੀ ਹੈ
ਸਭ ਵਸਤਾਂ ਉਪਜਣ ਵਾਲੀ ਹੈ
ਸਭਨਾਂ ਦੀ ਦਾਤੀ ਰਹਿੰਦੀ ਹੈ।

ਇਸ ਅੰਦਰ ਚਸ਼ਮੇ ਵਗਦੇ ਨੇ
ਇਸ ਅੰਦਰ ਲਾਵੇ ਫੁੱਟਦੇ ਨੇ
ਇਹ ਅੰਬਰੋਂ ਇੰਦਰ ਦੇਵਤੇ ਨੂੰ
ਸੱਦ ਆਪਣੇ ਆਪ ਸਮੋਂਦੀ ਹੈ
ਇਹ ਪਰਬਤ ਭਾਰੇ ਚੁੱਕਦੀ ਹੈ
ਦਰਿਆਵਾਂ ਦਾ ਆਪਣੀ ਹਿਕੜੀ 'ਤੇ

ਗੀਤ ਸਰੋਦੀ ਸੁਣਦੀ ਹੈ,
ਬਿਰਖਾਂ ਨੂੰ ਅੰਬਰ ਦੇਂਦੀ ਹੈ
ਜੜ੍ਹ-ਕਿਰਿਆ ਆਪ ਸਮੋਂਦੀ ਹੈ।

ਇਹ ਲੀਲ੍ਹਾ ਨਿਆਰੀ ਪਿਆਰੀ ਹੈ
ਪੱਬ ਇਸ 'ਤੇ ਧਰਨਾ ਸੌਖਾ ਹੈ
ਪਰ ਬੰਦਾ ਬਣਨਾ ਔਖਾ ਹੈ।
ਬੱਲਿਆ, ਤੂੰ ਫਰਜ਼ ਨਿਭਾਉਣ ਲਈ
ਆਪਣੇ ਅੰਦਰ ਝਾਤੀ ਮਾਰ ਜ਼ਰਾ
ਤੂੰ ਕੀ-ਕੀ ਇਸ 'ਤੇ ਕਰਦਾ ਹੈਂ
ਤੂੰ ਆਪਣੀ ਹੋਸ਼ ਸੰਭਾਲ ਜ਼ਰਾ
ਤੇ ਕਰਮ-ਧਰਮ ਦੇ ਅਰਥ ਸਮਝ
ਗ਼ਲਤੀਆਂ ਦਾ ਬਹਿ ਅਹਿਸਾਸ ਕਰੀਂ
ਮਾਂ-ਧਰਤੀ ਬੜੀ ਮਹੱਤਵ ਹੈ!!

●

# ਸ਼ਾਇਰੀ ਦਾ ਕਰਮ

ਸ਼ਾਇਰੀ
ਸ਼ਬਦਾਂ ਦੀ ਦਰਗਾਹ 'ਤੇ
ਜ਼ਿੰਦਗੀ ਲਈ
ਚਾਨਣ ਦੇ ਦੀਵੇ ਜਗਾਉਂਦੀ
ਅੱਖਰਾਂ ਦੇ ਬੀਜ ਕੇਰਦੀ
ਤੇ ਮਿੱਟੀ 'ਚੋਂ ਮਹਿਕ ਭਾਲਦੀ।

ਸ਼ਾਇਰੀ
ਅਰਥਾਂ ਦੇ ਦਿਸਹੱਦਿਆਂ ਨੂੰ
ਸਾਗਰਾਂ ਨਾਲ ਮੇਲਦੀ
ਅਨੰਤਤਾ ਦੇ ਅਸੰਖ ਰੂਪ ਚਿਤਵਦੀ
ਹਾਜ਼ਰ ਹੁੰਦੀ ਮਨੁੱਖ ਲਈ
ਹਰ ਜੀਵ ਲਈ
ਮੁਹੱਬਤ ਕਰਨ ਲਈ
ਦਿਲ ਦੀ ਖ਼ਾਮੋਸ਼ੀ ਸੁਣਨ ਲਈ
ਅਹਿਸਾਸ ਨੂੰ ਜਿੰਦਾ ਰੱਖਣ ਲਈ
ਜਜ਼ਬਿਆਂ ਦੀ ਤਰਲਤਾ ਨੂੰ ਸਾਂਭਣ ਲਈ
ਕਾਇਨਾਤ ਦੀ ਅਕੀਦਤ ਕਰਨ ਲਈ
ਸੂਰਜ ਦਾ ਹੱਥ ਛੂਹਣ ਲਈ
ਤਾਂ ਜੋ ਹੋਰ ਚਾਨਣ ਹੋ ਸਕੇ
ਸ਼ਬਦਾਂ ਦੀ ਲਿਖਤ ਨਾਲ।

ਸ਼ਾਇਰੀ
ਆਲਮ ਨੂੰ ਕਲਾਵੇ ਲੈਣ ਦਾ
ਕਰਤਾਰੀ ਹੁਨਰ ਹੈ
ਜੋ ਸਦੀਆਂ ਦਾ ਇਤਿਹਾਸ ਬਣਦੀ
ਮਨੁੱਖ ਦੇ ਲਹੂ 'ਚ ਘੁਲਦੀ
ਸੰਗਰਾਮ ਕਰਦੀ, ਹਾਰ ਨਾ ਮੰਨਦੀ
ਤੂਫ਼ਾਨਾਂ ਸੰਗ ਟਕਰਾਉਂਦੀ
ਮਨੁੱਖ ਦੀ ਹੋਣੀ ਲਿਸ਼ਕਾਉਂਦੀ।

ਸ਼ਾਇਰੀ
ਜ਼ਿੰਦਗੀ ਦੇ ਸੁਪਨਿਆਂ ਦੀ ਵਰਨਮਾਲਾ
ਜੋ ਕਦੇ ਪੂਰੀ ਨਾ ਹੁੰਦੀ।

ਸ਼ਾਇਰੀ
ਅੱਗ ਦੇ ਸਫ਼ੇ ਦਾ ਇੱਕ ਸਫ਼ਰ ਹੈ।
ਸ਼ਾਇਰੀ ਉਦਾਸੀਆਂ ਲਈ ਗਾਉਂਦੀ ਰਬਾਬ ਹੈ
ਜੋ ਰੂਹਾਨੀ ਅੱਖਰਾਂ ਨੂੰ ਬ੍ਰਹਮ ਬਣਾਉਂਦੀ!!

●

## ਜਜ਼ਬਾਤ ਦੀ ਗੱਲ

ਗਿੜਦੇ ਜਾਂਦੇ ਨੇ ਦਿਨ ਤੇ ਰਾਤ-ਮੀਆਂ,
ਮਸਲੇ ਹੱਲ ਹੋਵਣ, ਕਰੀਏ ਗੱਲਬਾਤ-ਮੀਆਂ।

ਸਦੀਆਂ ਲੰਘੀਆਂ ਤੇ ਵਾਦ-ਵਿਵਾਦ ਹੋਏ,
ਖ਼ਤਮ ਅਜੇ ਨਾ ਹੋਈ ਜਾਤ-ਪਾਤ-ਮੀਆਂ।

ਸੁੱਕੇ ਮਾਰੂਥਲ ਵੀ ਬੰਜਰ ਬਣ ਜਾਂਦੇ,
ਖੇਤੀ ਵਰ੍ਹੇ ਨਾ ਜੇ ਮੌਕੇ ਬਰਸਾਤ-ਮੀਆਂ।

ਜੀਵਨ ਸੰਘਰਸ਼ਾਂ ਦੇ ਨਾਲ ਹੈ ਜਿੱਤ ਹੁੰਦਾ,
ਪਿੰਘਲ ਕੇ ਬਣਦੀ ਜਿਉਂ ਹੈ ਧਾਤ-ਮੀਆਂ।

ਉਹੀਓ ਸੂਰਮੇ ਇਤਿਹਾਸ ਨੂੰ ਸਿਰਜਦੇ ਨੇ,
ਲਹੂ ਡੋਲ੍ਹ ਕੇ ਕਰਦੇ ਜੋ ਮਾਤ-ਮੀਆਂ।

ਪੰਨਾ ਪਲਟਦਾ, ਤਖ਼ਤਾਂ ਦੇ ਪੌੜ ਹਿੱਲਦੇ,
ਜ਼ਬਰ-ਜ਼ੁਲਮ ਦੀ ਹੁੰਦੀ ਜਦ ਘਾਤ-ਮੀਆਂ।

ਬੰਦਾ ਕੀ ਜੋ ਪਾਰੇ ਵਾਂਗ ਤਿਲਕ ਜਾਵੇ,
ਅਣਖ਼ਾਂ ਵਾਲੜੇ ਨਾ ਮੰਗਦੇ ਖ਼ੈਰਾਤ-ਮੀਆਂ।

ਡੀਂਗਾਂ ਮਾਰਦੇ, ਪਾਣੀਆਂ ਨੂੰ ਅੱਗ ਲਾਵਣ,
ਭੁੱਲ ਜਾਣ, ਹੈ ਬੁਲਬੁਲੇ ਜਿੰਨੀ ਹਯਾਤ-ਮੀਆਂ।

ਧੂੰਆਂ ਸੁਲਗਦਾ, ਅੱਗ ਦੀ ਲਾਟ ਬਣਦਾ,
ਦੱਬੇ ਜਾਣ ਜਦ ਲੋਕਾਂ ਦੇ ਜਜ਼ਬਾਤ-ਮੀਆਂ।

ਹੱਥ ਅੱਟਣਾਂ ਵਾਲੇ ਕਿਰਤੀ-ਕਿਸਾਨ ਪੁੱਛਣ,
ਕਦੋਂ ਚੜ੍ਹੇਗੀ ਹੱਕਾਂ ਵਾਲੀ ਪ੍ਰਭਾਤ-ਮੀਆਂ!!

●

# ਅਹਿਦਨਾਮਾ

ਜੇ ਬਿਰਖਾਂ ਨੂੰ ਪਤਝੜ ਪਿੱਛੋਂ
ਪੁੰਗਰਨ ਦੀ ਆਦਤ ਹੈ,
ਤੂੰ ਕਿਉਂ ਮੁਸ਼ਕਲ ਤੋਂ
ਘਬਰਾਉਂਦਾ ਹੈਂ।

ਦਰਿਆ ਕਦੇ ਵੀ ਵੱਗਣ ਤੋਂ
ਰੁਕਿਆ ਨਹੀਂ,
ਤੂੰ ਕਿਉਂ ਰੋਕਾਂ ਤੋਂ
ਘਬਰਾਉਂਦਾ ਹੈਂ।

ਪੌਣ ਕਦੇ ਵੀ ਰੁਮਕਣ ਤੋਂ
ਨਾ ਚੁੱਪ ਹੋਈ,
ਤੂੰ ਕਿਉਂ ਬੋਲਣ ਤੋਂ
ਘਬਰਾਉਂਦਾ ਹੈਂ।

ਫੁੱਲਾਂ ਨੇ ਖਿੜਨਾ ਨਾ
ਛੱਡਿਆ ਹੁਣ ਤੀਕਰ,
ਤੂੰ ਕਿਉਂ ਨੇਰ੍ਹਿਆਂ ਤੋਂ
ਘਬਰਾਉਂਦਾ ਹੈਂ।

ਮਾਰੂਥਲ ਵਿੱਚ ਰੇਤ ਦਾ ਕਿਣਕਾ
ਮੇਘ ਵਰ੍ਹਨ ਦੀ ਆਸ ਕਰੇ,
ਤੂੰ ਕਿਉਂ ਰੁੰਨੀਆਂ ਔੜਾਂ ਤੋਂ
ਘਬਰਾਉਂਦਾ ਹੈਂ।

ਪੰਛੀ ਆਪਣੇ ਖੰਭਾਂ ਦੇ ਨਾਲ
ਅੰਬਰ ਚੀਰਦਾ ਹੈ,
ਤੂੰ ਕਿਉਂ ਕਪਰ-ਛੱਲਾਂ ਤੋਂ
ਘਬਰਾਉਂਦਾ ਹੈਂ।

ਜੇ ਦੇਸ ਦਾ ਨੇਤਾ
ਹੱਠ ਕਰਨ ਤੋਂ ਹਟਦਾ ਨਹੀਂ,
ਤਾਂ ਸ਼ਾਇਰਾ ਲੋਕਾਂ ਖ਼ਾਤਰ
ਕਿਉਂ ਮਰਨੇ ਤੋਂ ਘਬਰਾਉਂਦਾ ਹੈਂ।

ਜੇ ਸਰਕਾਰਾਂ ਦੇ ਹੱਥ
ਇਨਸਾਫ਼ ਕਰਨ ਦੀ ਤੱਕੜੀ ਨਹੀਂ,
ਆਖੇ ਪਿਆਰਾ ਭਗਤ ਸਿੰਘ
ਕਿਉਂ ਫਾਂਸੀ ਤੋਂ ਘਬਰਾਉਂਦਾ ਹੈਂ।

●

# ਕੁਝ ਸੋਚੀਏ ਦੇਸ ਪੰਜਾਬ ਲਈ

ਵਿਹੜੇ ਵਿਚ ਸੁੰਨ ਹੈ ਪਸਰ ਗਈ, ਗੁਆਂਢੀ ਦੀ ਰੂਹ ਹੈ ਤਰਸ ਗਈ,
ਸਾਂਝਾਂ ਦੀ ਤਾਣੀ ਹਰਸ ਗਈ, ਲਾ ਮੱਲ੍ਹਮ ਜ਼ਖ਼ਮਾਂ ਦੀ ਤਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਬਿਰਖ਼ਾਂ 'ਤੇ ਆਈ ਉਦਾਸੀ ਹੈ, ਬੰਦਿਆਂ 'ਚੋਂ ਗੁੰਮੀ ਹਾਸੀ ਹੈ,
ਉਹ ਕਿਹੜੇ ਵਤਨ ਦਾ ਵਾਸੀ ਹੈ, ਪੁੱਛੇ ਜੋ ਧਰਤ ਗੁਲਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਕੰਜਕਾਂ ਨੂੰ ਕੋਹਣਾ ਪਾਪ ਬੜਾ, ਕਿਉਂ ਵਾਪਰਿਆ ਇਹ ਸੰਤਾਪ ਬੜਾ,
ਸੁਣ ਮਿੱਟੀ ਚੜ੍ਹਿਆ ਤਾਪ ਬੜਾ, ਰੁਲ-ਖੁਲ ਗਏ ਅੱਲੜ੍ਹ ਖ਼ੁਆਬ ਕਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਆਬਾਂ ਦੇ ਪਾਣੀ ਸੁੱਕ ਰਹੇ, ਪੰਛੀ ਤੇ ਰੁੱਖ ਕਈ ਮੁੱਕ ਰਹੇ,
ਚੁੱਲ੍ਹੇ ਨਾ ਪੱਕਦੇ ਟੁੱਕ ਰਹੇ, ਘਰ ਰੋਂਦਾ ਸ਼ਰਮ ਲਿਹਾਜ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਗੱਭਰੂ ਤਾਂ ਜਾ ਪ੍ਰਦੇਸ਼ ਰਹੇ, ਪਿੰਡਿਆਂ 'ਤੇ ਉਹ ਨਾ ਵੇਸ ਰਹੇ,
ਨਾ ਰਿਸ਼ੀ, ਫ਼ਕੀਰ, ਦਰਵੇਸ਼ ਰਹੇ, ਵੈਰੀ ਫਿਰਦਾ ਹੱਥ ਤੇਜ਼ਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਮਾਂ-ਬੋਲੀ ਤੋਂ ਸ਼ਰਮਾਉਂਦੇ ਹੋ, ਕਿਉਂ ਕੂੜ ਦਾ ਵਣਜ ਕਮਾਉਂਦੇ ਹੋ,
ਸੱਚ ਬੋਲਣ ਤੋਂ ਘਬਰਾਉਂਦੇ ਹੋ, ਕੋਈ ਆਇਆ ਵੇਖ ਰਬਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਹਰ ਕੋਈ ਵਿਆਕੁਲ ਹੋਇਆ ਹੈ, ਕਿਉਂ ਚੈਨ ਮਨਾਂ ਦਾ ਖੋਇਆ ਹੈ,
ਪਿੰਡ ਲੱਗੇ ਜਿਕੂੰ ਮੋਇਆ ਹੈ, ਬੱਚਾ ਰੋਂਦਾ ਫਟੀ ਕਿਤਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਨਾ ਮਾਂ ਤੋਂ ਦੁੱਖੜੇ ਝੱਲ ਹੋਏ, ਨਾ ਮਾਰੂ ਝੱਖੜ ਠੱਲ੍ਹ ਹੋਏ,
ਨਾ ਮਸਲੇ ਸਾਡੇ ਹੱਲ ਹੋਏ, ਕੌਣ ਸੋਚੂ ਹਾਲ ਖਰਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਕਿਉਂ ਖ਼ੁਦਕੁਸ਼ੀਆਂ ਕਰਦਾ ਅੰਨਦਾਤਾ, ਧਰਤੀ ਤੋਂ ਕਿਹੜੀ ਵੱਡ ਮਾਤਾ,
ਨਵੀਂ ਸੋਚ ਦਾ ਕਰੀਏ ਜਗਰਾਤਾ, ਹੱਲ ਕਰਨੇ ਪੈਣੇ ਹਿਸਾਬ ਕਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਸ਼ਾਲਾ! ਇਲਮ, ਹੁਨਰ ਸੰਭਾਲ ਹੋਵੇ, ਕਿਉਂ ਕਿਰਤੀ ਕਾਮਾ ਕੰਗਾਲ ਹੋਵੇ,
ਗੰਧਲਾ ਇਹ ਰਾਜ ਖੰਘਾਲ ਹੋਏ, ਮਾਲੀ ਸੋਚੇ ਫ਼ਸਲ ਗੁਲਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਵਰਖਾ ਦੀਆਂ ਰਹਿਮਤਾਂ ਖੁੱਸ ਗਈਆਂ, ਸ਼ਿਵਾਲਿਕ ਦੀਆਂ ਪਹਾੜੀਆਂ ਰੁੱਸ ਗਈਆਂ,
ਛਾਬੇ ਵਿਚ ਰੋਟੀਆਂ ਬੁੱਸ ਗਈਆਂ, ਆ ਕਰੀਏ ਦੁਆਵਾਂ ਸ਼ਬਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਸਾਡਾ ਸਭਿਆਚਾਰ ਪਿਆਰਾ ਹੈ, ਸਾਰੇ ਜੱਗ ਤੋਂ ਡਾਢਾ ਨਿਆਰਾ ਹੈ,
ਬਿਰਖ਼ਾਂ ਲਈ ਮਿੱਟੀ ਸਹਾਰਾ ਹੈ, ਕੁਝ ਕਰੀਏ ਇਹ ਦੀ ਆਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

ਸਮਿਆਂ ਨੇ ਪਾਈਆਂ ਲਾਸਾਂ ਨੇ, ਪਰ ਜਿਉਂਦੀਆਂ ਸਾਡੀਆਂ ਆਸਾਂ ਨੇ,
ਵੱਸੇ ਆਲਮ, ਇਹੋ ਖ਼ਾਹਸ਼ਾਂ ਨੇ, ਕਰ ਚੰਗਾ ਇਸ ਦੇ ਬਾਬ ਲਈ।
ਕੁਝ ਸੋਚੀਏ ਦੇਸ ਪੰਜਾਬ ਲਈ...

# ਧਰਤੀ ਦੇ ਪੈਰ

ਸੂਰਜ ਉੱਗਿਆ
ਵਿਹੜੇ ਨੂੰ ਝਾਤ ਆਖੀ
ਨਵਾਂ ਯੁੱਗ ਚੜ੍ਹਿਆ।

ਬਨੇਰਾ ਉੱਚਾ ਹੋਇਆ
ਵੇਲ ਵਧੀ
ਸਗਲ ਬਨਸਪਤ
ਖਿੜ ਉੱਠੀ।

ਧੁੱਪ ਦਾ ਹੁਸਨ
ਹੋਰ ਸੁਥਰਾ ਹੋਇਆ
ਪੌਣਾਂ ਵਧਾਈਆਂ ਵੰਡੀਆਂ
ਤਲਵੰਡੀ ਦੇ ਭਾਗ ਜਾਗੇ।

ਮਿੱਟੀ ਹੱਸੀ
ਧਰਤੀ ਨੂੰ ਤੁਰਨ ਲਈ
ਖੜਾਵਾਂ ਮਿਲੀਆਂ।

ਕੰਡਿਆਲੇ ਰਾਹਾਂ ਨੂੰ
ਸੰਗੀਤ ਤੇ ਬੋਲਾਂ ਨੇ ਸਕੂਨ ਦਿੱਤਾ।
ਜੀਵਨ ਜਿਊਣ ਦੀ ਜਾਚ ਦੱਸੀ

ਰੁੱਖ ਤੋਂ ਗੰਦਾ ਬੂਰ ਝੜਿਆ।
ਮਨੁੱਖ ਨੂੰ ਚਿੰਤਨ ਦੇ ਰਾਹੇ ਪਾਇਆ।
ਧਰਮ ਨੂੰ ਗੋਸ਼ਟੀ ਦਾ ਸ਼ਬਦ ਦਿੱਤਾ
ਅੰਦਰਲੇ ਚਾਨਣ ਦੀ
ਬਾਤ ਸੁਣਾਈ ਤੇ ਮੈਲ ਧੋਈ।
ਉਦਾਸੀਆਂ ਦੀ ਅਮੁੱਕ ਕਥਾ
ਚੌਹੀਂ ਕੁੰਟੀਂ ਸ਼ਬਦ ਦਾ ਵਾਕ ਬਣੀ।
ਖੜਾਵਾਂ, ਰਬਾਬ ਤੇ ਰੱਬੀ ਗੀਤ
ਧਰਤੀ ਦੇ ਪੈਰ ਬਣੇ।

ਗੁਰੂ, ਬਾਣੀ ਤੇ ਮਰਦਾਨਾ
ਮਾਵਾਂ ਦੀਆਂ ਅਸੀਸਾਂ ਲੈਂਦੇ
ਬੁੱਢੇ ਹੋ ਗਏ
ਪਰ ਕਾਰਜ ਨਾ ਮੁੱਕਿਆ।
ਪੈਗੰਬਰੀ ਜਲੌਅ ਰਾਹੀਂ
ਆਦਿ-ਜੁਗਾਦਿ ਸੱਚ ਬਣਿਆ
ਆਲਮੀ ਕਲਮ ਨੇ ਧਰਤੀ 'ਤੇ
ੴ ਲਿਖਿਆ, ਪੋਥੀ ਪ੍ਰਕਾਸ਼ਮਾਨ ਹੋਈ॥

●

# ਕਣਕ ਕੇਰਦਾ ਕਿਸਾਨ

ਉਹ ਸਮੇਂ ਹੁਣ ਨਹੀਂ ਰਹੇ
ਦਿਆਲ ਸਿਹੁੰ,
ਜਦੋਂ ਤੜਕੇ ਉੱਠ ਕਿਸਾਨ
ਰੱਬ ਨੂੰ ਧਿਆਉਂਦਾ
ਕੰਮੀਂ ਜਾ ਲੱਗਦਾ।

ਕਣਕ ਸੰਵਾਰੇ ਖੇਤ ਨੂੰ
ਮੱਥਾ ਟੇਕਦਾ
ਮਿੱਟੀ ਦੀ ਵੱਤਰ ਪਰਖਦਾ
ਅੰਬਰ ਵੱਲ ਤੱਕਦਾ
ਸ਼ੁਕਰ ਮਨਾਉਂਦਾ।

ਬਲਦਾਂ ਦੀ ਜੋਤ
ਤੇ ਹਾਲੀ ਦੇ ਪਿੱਛੇ-ਪਿੱਛੇ
ਕਣਕ ਦੀ ਝੋਲੀ ਮੋਢੇ ਲਾ
ਮੁੱਠੀ ਭਰ ਕੇ 'ਕੱਲਾ-ਕੱਲਾ ਦਾਣਾ
ਕਣਕ ਕੇਰਨ ਦਾ ਕਾਰਜ
ਅਰੰਭ ਸੀ ਕਰਦਾ।

ਮਾਲਾ ਦੇ ਮਣਕਿਆਂ ਵਾਂਗ
'ਕੱਲਾ-'ਕੱਲਾ ਦਾਣਾ ਮੁੱਠੀ 'ਚੋਂ
ਸਿਆੜਾਂ 'ਚ ਕੇਰਨ ਲੱਗਦਾ
ਭਗਤੀ ਕਰਦਾ ਲੱਗਦਾ
ਸਭ ਦੀ ਸੁੱਖ ਮੰਗਦਾ।

ਬੰਦਾ, ਭਗਤੀ, ਕਾਰਜ ਤੇ ਦਾਣੇ
ਇੱਕ-ਮਿੱਕ ਹੋਏ ਲੱਗਦੇ,
ਸੁੱਚੇ ਦਾਣਿਆਂ 'ਚੋਂ ਚੰਗੀ ਫਸਲ
ਉਪਜਦੀ ਲੱਗਦੀ,
ਇਸ ਆਸ ਸਹਾਰੇ
ਖੇਤੀ ਉੱਤਮ ਲੱਗਦੀ।

ਹੁਣ ਖ਼ੁਦਕੁਸ਼ੀਆਂ ਦੀ ਰੁੱਤ ਚੰਦਰੀ
ਕਿਉਂ ਵਿਆਪੀ
ਚਿੰਤਨ ਤੇ ਅਹੁੜ ਕਰਨ ਦਾ ਵੇਲਾ ਹੈ
ਦਿਆਲ ਸਿਹੁੰ!

●

# ਜਲ੍ਹਿਆਂ ਵਾਲਾ ਬਾਗ਼

ਜਲ੍ਹਿਆਂ ਵਾਲੇ ਬਾਗ਼ ਦੀ ਅਦੁੱਤੀ ਧਰਤੀਏ
ਕਰਾਂ ਮੈਂ ਤੈਨੂੰ ਲੱਖ-ਲੱਖ ਵਾਰ ਪ੍ਰਣਾਮ,
ਤੇਰੇ ਕਣ-ਕਣ ਅੰਦਰ ਹੈ ਜਾਗਦਾ,
ਰੰਗ-ਰੱਤੇ ਲਹੂ ਦਾ ਸੁੱਚੜਾ ਜਿਹਾ ਇਮਾਨ।

ਤੂੰ ਦੇਸ ਅਜ਼ਾਦੀ ਲਈ ਲਿਖਿਆ ਵੱਖਰਾ ਇਤਿਹਾਸ,
ਜਲ੍ਹਿਆਂ ਵਾਲਾ ਬਾਗ਼ ਅੱਜ, ਬਣ ਗਿਆ ਹੈ ਖ਼ਾਸ।

ਵਿਸਾਖੀ ਵਾਲੇ ਦਿਵਸ ਨੇ, ਘੜਨੀ ਸੀ ਤਕਦੀਰ,
ਬਣ ਗਈ ਵਿਸਾਖੀ ਪਰ, ਹੰਝੂਆਂ ਦੀ ਤਸਵੀਰ।

ਜਨਰਲ ਡਾਇਰ ਵਰ੍ਹਾਈਆਂ, ਭਾਰਤੀਆਂ 'ਤੇ ਗੋਲੀਆਂ,
ਬੁੱਢੇ, ਗੱਭਰੂ, ਬੱਚੇ ਜਿੰਦਾਂ ਸੀ ਅਣਭੋਲੀਆਂ।

ਅੰਤਾਂ ਦਾ ਸੀ ਜ਼ੁਲਮ, ਗੋਰੀ ਸਰਕਾਰ ਦਾ,
ਡੁਲ੍ਹਿਆ ਖ਼ੂਨ ਹਿੰਦੂ, ਮੁਸਲਮਾਨ ਤੇ ਸਰਦਾਰ ਦਾ।

ਕਰੜਾ ਕਾਨੂੰਨ ਗਲੀਆਂ ਦੇ ਵਿੱਚ ਗੂੰਜਿਆ,
ਮਾਰ-ਮਾਰ ਛਾਟਾਂ ਜੋ ਵੀ ਦਿੱਸੇ ਹੂੰਝਿਆ।

ਲਹੂ-ਰੱਤੜੀ ਮਿੱਟੀ, ਅੱਜ ਵੀ ਚੇਤੇ ਆਂਵਦੀ,
ਤਦੇ ਤਾਂ ਲੋਕ-ਪੀੜਾ, ਜੱਗ ਤੇ ਵਾਰਾਂ ਗਾਂਵਦੀ।

ਬਦਲਾ ਲੈਣ ਲਈ ਉੱਠਿਆ ਇੱਕ ਯੋਧੜਾ,
ਰਾਮ, ਮੁਹੰਮਦ, ਊਧਮ ਸਿੰਘ ਅਣਖ਼ੀ ਜੋਧੜਾ।

ਊਧਮ ਸਿੰਘ ਜੋਧਾ ਲੰਡਨ ਜਾ ਵੰਗਾਰਿਆ,
ਇੱਕੀ ਸਾਲਾਂ ਪਿੱਛੋਂ ਉਡਵਾਇਰ ਮਾਰਿਆ।

ਲੈ ਲਿਆ ਇੰਜ ਬਦਲਾ ਪੰਜਾਬੀ ਬੀਰ ਨੇ,
ਜੱਗ 'ਚ ਮਿਸਾਲ ਕੀਤੀ, ਮਾਂ ਦੇ ਸੀਰ ਨੇ।

ਜਲ੍ਹਿਆਂ ਵਾਲੇ ਬਾਗ਼ ਦੀ ਅਦੁੱਤੀ ਧਰਤੀਏ,
ਕਰਾਂ ਮੈਂ ਤੈਨੂੰ ਲੱਖ-ਲੱਖ ਵਾਰ ਪ੍ਰਣਾਮ!!

●

# ਪੇਂਡੂ ਘਰ

ਪੇਂਡੂ ਘਰ ਦਾ ਸਿਰਨਾਵਾਂ
ਮੁਹੱਬਤ ਹੁੰਦਾ,
ਜਿਸ ਨਾਲ ਰਿਸ਼ਤੇਦਾਰੀ ਦੀ
ਖੰਮਣੀ ਬੰਨ੍ਹੀ ਹੁੰਦੀ।

ਨੰਬਰਾਂ ਨਾਲ ਨਹੀਂ
ਬੰਦੇ ਦੀ ਅੱਲ ਨਾਲ
ਜਾਣੇ ਜਾਂਦੇ ਹਨ ਘਰ।

ਪੇਂਡੂ ਘਰਾਂ ਨੂੰ ਉਸਾਰਨ 'ਚ
ਘਰ ਦੇ ਜੀਆਂ ਦਾ ਦਿਲ ਧੜਕਦਾ ਹੁੰਦਾ,
ਕਿਰਤ ਦੀ ਖ਼ੁਸ਼ਬੂ ਹੁੰਦੀ
ਹੱਥਾਂ ਦੀ ਛੋਹ ਹੁੰਦੀ।

ਚੁੱਲ੍ਹਾ-ਚੌਂਕਾ, ਓਟਾ, ਡਿਓਢੀ, ਦਲ੍ਹਾਨ
ਕੋਠੜੀ, ਵਿਹੜਾ, ਬੂਹਾ, ਖਿੜਕੀ, ਮੋਘਾ,
ਚੁਬਾਰਾ, ਬੈਠਕ, ਟਾਂਟ, ਸਬਾਤ, ਝਲਿਆਨੀ,
ਕੰਧਾਂ, ਬਨੇਰਿਆਂ, ਪੌੜੀਆਂ, ਆਲੇ, ਆਲੀਆਂ
ਸ਼ਬਦਾਂ ਦਾ ਕੋਸ਼ ਹੁੰਦਾ ਹੈ ਘਰ।

ਲੰਬੜਾਂ ਦੀ, ਤਖਾਣਾਂ ਦੀ, ਲੁਹਾਰਾਂ ਦੀ
ਘੁਮਾਰਾਂ ਦੀ, ਤੇਲੀਆਂ ਦੀ, ਜੱਟਾਂ ਦੀ,
ਰਾਮਦਾਸੀਆਂ ਦੀ, ਬਾਲਮੀਕੀਆਂ ਦੀ
ਗਲੀ, ਪੱਤੀ, ਬੀਹੀ ਪਛਾਣੀ ਜਾਂਦੀ ਹੈ।

ਦਰਵਾਜ਼ਿਆਂ, ਟੋਭਿਆਂ, ਖੂਹਾਂ, ਖੇੜਿਆਂ
ਬਾੜਿਆਂ, ਪਥਵਾੜਿਆਂ ਦੀ ਜਮਾਂਬੰਦੀ
ਜੁੜੀ ਹੁੰਦੀ ਹੈ ਪਿੰਡ ਦੇ ਘਰਾਂ ਦੀ ਦਹਿਲੀਜ਼ ਨਾਲ।

ਪੇਂਡੂ ਘਰ ਖੁੱਲ੍ਹਾ ਹੁੰਦਾ ਹੈ ਅੰਬਰ ਵਾਂਗ
ਆਪਣੇ ਪ੍ਰਾਹੁਣਿਆਂ ਲਈ ਤੇ ਓਪਰਿਆਂ ਲਈ।

ਪੇਂਡੂ ਘਰ ਕੱਚੇ ਹੁੰਦਿਆਂ ਵੀ
ਪੱਕੇ ਰਿਸ਼ਤਿਆਂ ਦੀ ਸੁੱਚ ਹੁੰਦਾ।

ਪੇਂਡੂ ਘਰ 'ਚ ਮੋਹ-ਵੰਤੀ
ਸੂਖ਼ਮ ਸੰਵੇਦਨਾ ਦੀ ਕਵਿਤਾ ਹੁੰਦੀ ਹੈ।

●

# ਆਸਾਂ ਉਮੀਦਾਂ

ਵਾਏ ਨੀ ਵਾਏ
ਮੈਨੂੰ ਅਪਣੇ ਵਰਗੀ ਕੁੜਤੀ ਦੇ ਜਾ
ਨੰਗੀ ਦੇਹੀ ਕੱਜ ਮੈਂ ਲੈਵਾਂ।

ਧੁੱਪੇ ਨੀ ਧੁੱਪੇ
ਕਿਰਨਾਂ ਦਾ ਕੋਈ ਧਾਗਾ ਦੇ ਜਾ
ਮੈਂ ਉਧੜੇ ਹੋਏ ਮਨ ਨੂੰ ਸੀਅ ਲਾਂ।

ਨਦੀਏ ਨੀ ਨਦੀਏ
ਚੂਲੀ ਕੁ ਪਾਕ-ਪਵਿੱਤਰ ਪਾਣੀ ਦੇਵੀਂ
ਗੰਧਲੀ ਹੋਈ ਸੋਚ ਨੂੰ ਧੋਅ ਲਾਂ।

ਧਰਤੀਏ ਨੀ ਧਰਤੀਏ
ਮੁੱਠੀ ਕੁ ਆਪਣੀ ਸੁੱਚੀ ਸ਼ਕਤੀ ਦੇਵੀਂ
ਖੇਤੀਂ ਦਾਣੇ ਉੱਗਣ ਭੁੱਖ ਮਿਟਾ ਲਾਂ।

ਬਿਰਖਾ ਵੇ ਬਿਰਖਾ
ਮੇਰੇ ਉੱਤੇ ਸਾਵੀਂ ਛੱਤਰੀ ਕਰ ਦਈਂ
ਮਾਂ ਦੀ ਛਾਂ ਨੂੰ ਚੇਤੇ ਕਰ ਲਾਂ।

ਬੱਦਲਾ ਵੇ ਬੱਦਲਾ
ਰੱਕੜ ਰੇਤੜ ਧਰਤੀ 'ਤੇ ਬਰਸੀਂ
ਮੈਂ ਫੁੱਲ ਖਿੜਨ ਦੀ ਆਸ ਜਗਾ ਲਾਂ।

# ਸ਼ਹਿਰੀ ਘਰ

ਸ਼ਹਿਰੀ ਘਰ ਦਾ ਸਿਰਨਾਵਾਂ
ਨੰਬਰਾਂ ਦੀ ਗਿਣਤੀ 'ਚ ਘਿਰਿਆ ਹੁੰਦਾ।
ਓਪਰਾ ਬੰਦਾ ਗੁਆਚਿਆ-ਗੁਆਚਿਆ
ਘਰ ਲੱਭਦਾ ਬਖ਼ਲਾਅ ਜਾਂਦਾ ਹੈ।

ਚੌਂਕ, ਕਲੋਨੀ, ਸਟਰੀਟ, ਮਹੱਲਾ, ਸੈਕਟਰ
ਪੁੱਛਣ ਤੋਂ ਝਿਜਕਦਾ ਫ਼ੋਨ 'ਚ ਡੁੱਬ ਜਾਂਦਾ।

ਸ਼ਹਿਰੀ, ਘਰ ਨੂੰ
ਕੋਠੀ ਜਾਂ ਬੰਗਲਾ ਕਹਿਣ 'ਚ
ਅਮੀਰੀ ਜਤਲਾਉਂਦਾ
ਕਰਜ਼ਾਂ ਤੇ ਕਿਸ਼ਤਾਂ ਛੁਪਾਉਂਦਾ।

ਸ਼ਹਿਰੀ ਘਰ ਬੋਲਾਂ ਨੂੰ ਨਹੀਂ
ਕਾਲ-ਬੈੱਲ ਨੂੰ ਹੁੰਗਾਰਾ ਮੰਨਦਾ।
ਸਮਾਂ ਲਏ ਬਿਨਾ ਗੁਸਤਾਖ਼ ਹੋ ਜਾਂਦਾ।

ਸ਼ਹਿਰੀ ਘਰ ਮਰਲਿਆਂ-ਕਨਾਲਾਂ ਦੀ
ਗਿਣਤੀ ਨਾਲ ਆਪਣੀ ਪੈਂਠ ਦਾ ਮੁਥਾਜ ਹੁੰਦਾ।

ਦੀਵਾਰਾਂ ਸਾਂਝੀਆਂ ਹੁੰਦੀਆਂ ਵੀ
ਮੁਹੱਬਤ ਤੋਂ ਮਨਫ਼ੀ ਹੁੰਦੀਆਂ
ਪੈਸਿਆਂ ਦੇ ਵਣਜ ਦੀ ਹੀ ਸਾਂਝ ਹੁੰਦੀ।

ਡਰਾਇੰਗ ਰੂਮ, ਕਿਚਨ, ਵਾਸ਼ਰੂਮ, ਵੇਟਿੰਗ ਰੂਮ
ਗੈਸਟ ਰੂਮ, ਪਰਸਨਲ ਰੂਮ, ਬਾਰ ਕਾਰਨਰ
ਜੀਵਨ-ਸ਼ੈਲੀ ਦੇ ਪਛਾਣ ਚਿੰਨ੍ਹ ਹੁੰਦੇ ਹਨ।

ਸ਼ਹਿਰੀ ਘਰ ਕਮਰਿਆਂ, ਮੰਜ਼ਿਲਾਂ 'ਚ ਵੰਡਿਆ
ਲਿਫ਼ਟਾਂ 'ਚ ਤਾਂ-ਠਾਂ ਹੁੰਦਾ ਰਹਿੰਦਾ।

ਸ਼ਹਿਰੀ ਘਰ 'ਚ
ਮਹਿੰਗੇ ਪਰਦਿਆਂ ਪਿੱਛੇ ਓਹਲਾ ਹੁੰਦਾ
ਜੋ ਬੰਦੇ ਦੇ ਸੁਭਾਅ ਵਾਂਗ ਬਦਲਦੇ ਰਹਿੰਦੇ ਹਨ।

ਸ਼ਹਿਰੀ ਘਰ 'ਚ ਫੁੱਲ-ਗ਼ਮਲਿਆਂ ਦੀ
ਸੁਆਗਤੀ ਮੁਸਕਾਨ ਹੁੰਦੀ।

ਰੋਜ਼ਾਨਾ ਛਪਦੇ ਅਖ਼ਬਾਰਾਂ ਵਾਂਗ
ਸ਼ਹਿਰੀ ਘਰ ਇਸ਼ਤਿਹਾਰਬਾਜ਼ੀ ਦਾ ਸ਼ਿਕਾਰ ਹੁੰਦਾ।

ਓਪਰੇ ਬੰਦੇ ਲਈ ਗੇਟ ਬੰਦ ਹੁੰਦਾ
ਘਰੋਂ ਜਾਣ ਵੇਲੇ ਲੌਕ ਲਾਉਣ ਦੀ ਚਿੰਤਾ ਵਧੇਰੇ ਹੁੰਦੀ।

●

# ਪਰਵਾਸ ਦੀ ਦੌੜ

ਪਿੰਡ ਗਿਆ ਤਾਂ
ਪਤਾ ਲੱਗਿਆ-
'ਭਜਨਾ' ਗੁਆਂਢੀ ਚਲਾ ਗਿਆ ਹੈ
ਅਬੂਦਬਈ ਨੂੰ ਕਰਨ ਕਮਾਈ,
ਕਹਿੰਦਾ ਸੀ ਹੁਣ ਭੁੱਖਮਰੀ ਤਾਂ
ਸਹਿ ਨਹੀਂ ਹੁੰਦੀ,
ਵੀਜ਼ੇ ਖ਼ਾਤਰ ਉਸ ਨੂੰ
ਵੇਚਣਾ ਪਿਆ ਕੀਲਾ ਭੋਇੰ ਦਾ।

ਪਿੱਛੇ ਬਾਪੂ ਬੁੱਢਾ ਹੋਇਆ ਸੋਚੇ
ਕਦੋਂ ਮੁੜੇਗਾ ਪੁੱਤਰ ਗੱਭਰੂ
ਮਾਇਆ ਦੀ ਥੈਲੀ ਨੂੰ ਲੈ ਕੇ।

ਪਤਾ ਲੱਗਿਆ ਇਹ ਵੀ-
ਕਰਤਾਰ ਸਿੰਘ ਦਾ ਇਕਲੌਤਾ ਪੁੱਤਰ
ਇੰਜਨੀਅਰੀ ਡਿਗਰੀ ਕਰ ਕੇ
ਆਈਲਟਸ ਕਰ ਕੇ
ਕੈਨੇਡਾ ਜਾ ਪੁੱਜਿਆ ਹੈ,
ਟੱਕਰਾਂ ਮਾਰ ਨਾ ਮਿਲੀ ਨੌਕਰੀ।
ਡਾਲਰਾਂ ਪਿੱਛੇ ਲੱਖਾਂ-ਲੱਖ ਝੋਕ ਕੇ
ਪਿਤਾ ਵਿਚਾਰਾ ਬੇਬਸ ਹੋਇਆ।

ਸੁਣਨ 'ਚ ਆਇਆ-
ਗੁਲਜ਼ਾਰ ਸਿਹੁੰ ਨੇ
ਨਰਸਿੰਗ ਕਰਾ ਕੇ ਬੇਟੀ ਆਪਣੀ
ਲਾਡਾਂ ਦੇ ਨਾਲ ਪਾਲ-ਪੋਸ ਕੇ
ਧੱਕ ਦਿੱਤੀ ਹੈ ਦੇਸ-ਬਿਗ਼ਾਨੇ
ਪੌਂਡਾਂ ਖ਼ਾਤਰ।
ਕੁਝ ਸਾਲਾਂ ਨੂੰ ਉਹ ਵੀ
ਟੁਰ ਜਾਵੇਗਾ ਰਿਸ਼ਤਾ ਗੰਢ ਕੇ
ਬੇਟੀ ਦੇ ਵੀਜ਼ੇ ਦੇ ਸਦਕੇ।

ਇਹ ਵੀ ਸੁਣਿਆ-
ਗਿੱਲ-ਸਰਪੰਚ ਦਾ ਪੋਤਰਾ 'ਵਿੱਕੀ'
ਕਰਨ ਪੜ੍ਹਾਈ ਅਤੇ ਕਮਾਈ
ਜਾ ਪੁੱਜਿਆ ਆਸਟ੍ਰੇਲੀਆ-ਸਿਡਨੀ
ਧਰਤੀ-ਮਾਂ ਗਹਿਣੇ ਪਾ ਕੇ,
ਅਖੇ, "ਇੱਥੇ ਕੁਝ ਨਹੀਂ ਹੈ ਯਾਰੋ।"

ਸੱਥ 'ਚ ਬੈਠੇ ਬੰਦੇ
ਗੱਲਾਂ ਕਰਦੇ ਸੋਚਣ :
ਬਿਰਖ਼ ਵੀ ਇੱਥੋਂ ਭੱਜ ਨਾ ਜਾਵਣ
ਪੰਛੀ ਕਿਧਰੇ ਉਡ ਨਾ ਜਾਵਣ,
ਖੇਤਾਂ ਵਿੱਚ ਖ਼ੁਦਕੁਸ਼ੀਆਂ ਉੱਗਣ
ਹੱਲ ਨਾ ਕੋਈ ਸੁੱਝਣ।

"ਨੇਤਾ ਲੋਭੀ, ਕੇਹਾ ਰਾਜ?
ਖੋਖਲਾ ਹੁੰਦਾ ਜਾਏ ਪੰਜਾਬ।"

ਖੁਰਦਾ ਜਾਂਦਾ ਤੱਕ ਪੰਜਾਬ
ਬਿਰਧ ਦੀ ਅੱਖਿਓਂ ਹੰਝੂ ਡਿੱਗਾ।

ਨਹੀਂ, ਨਹੀਂ, ਇੰਞ ਨਾ ਕਰੀਏ
ਏਥੇ ਵਸੀਏ, ਏਥੇ ਰਹੀਏ,
ਸ਼ਕਤੀ ਲਾ ਕੇ ਸਮਾਂ ਬਦਲੀਏ
ਧਰਤ-ਸੁਹਾਵੀ ਦੀ ਸੁੱਖ ਮੰਗੀਏ।

ਆਖ਼ਰ ਆਪਣੀ ਮਿੱਟੀ
ਵਤਨ ਆਪਣਾ
ਮਾਂ ਦੀ ਕੁੱਖ ਹੁੰਦੀ ਹੈ,
ਮਾਂ ਤੋਂ ਭੁੱਖ ਜਰੀ ਨੀ ਜਾਂਦੀ।

●

# ਸਿਧਾਰਥ ਤੋਂ ਬੋਧੀ ਬਣਨ ਦੇ ਛਿਨ

ਉਹ ਕੇਹਾ ਛਿਣ ਸੀ
ਜਦੋਂ ਵਿਛੋੜਾ ਤੇ ਵਸਲ
ਰਾਤ ਦੀਆਂ ਸਰਗੋਸ਼ੀਆਂ ਸੰਗ
ਅਜ਼ਲੀ ਕਰਮ ਕਰ ਰਿਹਾ ਸੀ।

ਮਮਤਾ ਦੇ ਨੂਰ ਨਾਲ ਖਿੜਿਆ
ਇੱਕ ਦਗਦਾ ਬਦਨ ਸੌਂ ਰਿਹਾ ਸੀ
ਦੂਜਾ ਬਦਨ-
ਰੂਹ ਦੇ ਵਣਜ ਲਈ ਵਿਆਕੁਲ
ਖ਼ਾਮੋਸ਼ੀ ਦੇ ਸਫ਼ਰ ਖ਼ਾਤਰ
ਤੁਰਨ-ਤੁਰਨ
ਜਗਣ-ਜਗਣ ਕਰ ਰਿਹਾ ਸੀ।

ਇੱਕ ਬੋਲ-
ਗੱਲ ਕਰਨ ਨੂੰ ਅਹੁਲਦਾ ਸੀ
ਇੱਕ ਚੁੱਪ ਦੀ ਕਾਤਰ
ਬਦਨ ਨਾਲ ਚਿਮਟੀ ਖੜ੍ਹੀ ਸੀ।

ਉਸ ਦੇ ਸ਼ਾਹੀ ਸਵਾਸਾਂ 'ਚ
ਇਕ ਪਹਿਰ ਖਲੋ ਗਿਆ ਸੀ
ਤੇ ਹਵਾ ਦੀ ਬਿੜਕ ਵੀ

ਕੁਝ ਪਲ ਲਈ
ਸੁੰਨ ਹੋ ਗਈ ਸੀ।

ਦੋ ਪੈਰ ਤੁਰੇ ਘਰ ਵੱਲ
ਤੇ ਮੁੜੇ ਇਕਾਂਤ ਦੀ ਗੁਫ਼ਾ ਵੱਲ,
ਉਹ ਕੇਹਾ ਛਿਨ ਸੀ-
ਇੱਕ ਤੱਕਣੀ ਬੂਹੇ ਦੀ ਝੀਥ ਥਾਣੀ
ਮੁਹੱਬਤ ਵੰਡ ਰਹੀ ਸੀ
ਤੇ ਦੂਜੀ ਤੱਕਣੀ
ਦਹਿਲੀਜ਼ ਤੋਂ ਮਹਿਲਾਂ ਨੂੰ ਕੰਡ ਕਰ
ਜੰਗਲ ਵੱਲ
ਦੁਨੀਆਂ ਦਾ ਦਰਦ ਲੈ ਕੇ
ਦੂਰ ਤੀਕਰ ਖਿੰਡ ਰਹੀ ਸੀ।

ਇੱਕ ਇਲਾਹੀ ਛਿਨ ਦਾ ਆਲਮ
ਹਨੇਰੇ 'ਚ ਮੱਥੇ ਦਾ ਦੀਵਾ
ਜਗਾਉਣ ਤੁਰ ਰਿਹਾ ਸੀ।

ਅੱਧ-ਰੈਣੀ ਚੁੱਪ-ਚੁਪੀਤੇ
ਅੱਖਾਂ ਮੀਟੀ
ਸੱਭੋ ਕੁਝ ਤੱਕ ਰਹੀ ਸੀ
ਤੇ ਘਣਾ ਜੰਗਲ
ਖੜਾਵਾਂ ਦੀ ਕਨਸੋਅ ਲਈ
ਇੰਤਜ਼ਾਰ ਕਰ ਰਿਹਾ ਸੀ।

ਬੂਹੇ ਅੰਦਰ ਫੁੱਲ ਸੁੱਤਾ ਸੀ,
ਬੂਹੇ ਅੰਦਰ ਹੁਸਨ ਸੁੱਤਾ ਸੀ,
ਇਹ ਕੇਹੀ ਮਮਤਾ ਦਾ ਜਲੌਅ ਸੀ,
ਇਹ ਕੇਹਾ ਅਲਵਿਦਾ ਦਾ ਸਕੂਨ ਸੀ,
ਇਹ ਕੇਹਾ ਤਿਆਗ ਅਨੂਠਾ ਸੀ,
ਸਿਧਾਰਥ ਤੋਂ ਬੋਧੀ ਬਣਨ ਦਾ ਸਫ਼ਰ ਸੀ।
ਪੈਰ ਜੋ ਸਮਾਂ, ਸਥਾਨ ਤੇ ਕਾਲ ਤੋਂ
ਮੁਕਤ ਹੋਣਾ ਲੋਚਦੇ ਸਨ,
ਸ਼ਹਿਨਸ਼ਾਹ ਤੋਂ ਫ਼ਕੀਰੀ ਦਾ ਸਫ਼ਰ
ਚਾਨਣ ਦੇ ਵਸਤਰ ਪਹਿਨਣ ਲਈ ਵਿਆਕੁਲ ਸੀ।

●

# ਮਨੁੱਖੀ ਵਿਗਾਸ ਪ੍ਰਕਿਰਿਆ

ਝੱਟ ਨਾ ਸਾਗਰ ਉਬਲਦੇ,
ਝੱਟ ਨਾ ਬੱਦਲ ਮੀਂਹ ਵਰੰਦੇ।
ਝੱਟ ਨਾ ਮੱਸਿਆ ਕਾਲੜੀ
ਝੱਟ ਨਾ ਪੂਰਨ ਚੰਨ ਚੜੰਦੇ।

ਝੱਟ ਨਾ ਤੂਫ਼ਾਨ ਉੱਠਦੇ
ਝੱਟ ਨਾ ਅੰਬਰ ਤਪੰਦੇ।
ਝੱਟ ਨਾ ਖੁੱਸਦੀਆਂ ਵਿਰਾਸਤਾਂ,
ਝੱਟ ਨਾ ਸੰਸਕਾਰ ਉਸਰੰਦੇ।

ਝੱਟ ਨਾ ਮਿਟਦੀਆਂ ਹੋਣੀਆਂ,
ਝੱਟ ਨਾ ਪੂਰੇ ਸੁਪਨ ਥੀਵੰਦੇ।
ਝੱਟ ਨਾ ਜਨਤਾ ਉੱਠਦੀ,
ਝੱਟ ਨਾ ਸੁੱਤੇ ਜੋਸ਼ ਜਗੰਦੇ।

ਵਿਗਸਣ ਵਸਤਾਂ ਸਹਿਜ-ਸਹਿਜ,
ਫਿਰ ਉਡਾਣ ਤੁਰੰਤ ਮਹੰਦੀ।
ਇਹ ਤਬਦੀਲੀ ਧਰਤ 'ਤੇ,
ਆਦਿ-ਕਾਲ ਤੋਂ ਰੂਪ ਧਰੰਦੀ।

ਜ਼ਿੰਦਗੀ ਇੱਕ ਸੰਗ੍ਰਾਮ ਹੈ,
ਕਦਮ-ਕਦਮ 'ਤੇ ਰੂਪ ਵਟੰਦੀ।
ਪ੍ਰਾਚੀਨ ਅਤੇ ਨਵੀਨਤਾ,
ਆਪੋ ਵਿੱਚ ਹੈ ਯੁੱਧ ਕਰੰਦੀ।

ਨਵ ਦੀ ਜਿੱਤ ਪਕੇਰੜੀ,
ਭੂਤ ਦੇ ਹਿੱਸੇ ਹਾਰ ਪਵੰਦੀ।
ਇਹ ਪਰੰਪਰਾ ਮਨੁੱਖ ਦੀ,
ਬਣ ਇਤਿਹਾਸ ਸਦੰਦੀ।

ਕੰਮ ਹੈ ਅੱਗੇ ਵਧਣਾ
ਮੂਲ ਨਾ ਪਿਛਾਂਹ ਭਵੰਦੀ।
ਜ਼ਿੰਦਗੀ ਇੱਕ ਸੰਗ੍ਰਾਮ ਹੈ,
ਕਦਮ-ਕਦਮ 'ਤੇ ਰੂਪ ਵਟੰਦੀ।

●

## ਬੱਦਲਾਂ ਦੇ ਬਹੁ-ਰੰਗੇ ਪ੍ਰਸੰਗ

ਭਾਦੋਂ ਦੇ ਬੱਦਲ ਹੋਏ ਗੂੜ੍ਹੇ
ਅੰਬਰ ਸਾਰਾ ਕਾਲਾ ਹੋਇਆ
ਮੂਸਲਾਧਾਰ ਵਰਖਾ ਹੋਵੇਗੀ

ਛਪਰੀ ਥੱਲੇ ਬੈਠਾ ਬਾਬਾ ਆਖੇ।
ਸਿਆਣਿਆਂ ਦੀ ਗੱਲ ਸੱਚੀ ਹੁੰਦੀ
ਕੁਦਰਤ ਨੂੰ ਉਹ ਪੜ੍ਹਨਾ ਜਾਨਣ।

ਬੱਦਲਾਂ ਨੂੰ ਤੱਕ
ਦਿਆਲਾ ਜੱਟ ਖੇਤਾਂ ਵਿੱਚ ਸੋਚੇ
ਚਲਦੀ ਬੰਬੀ ਬੰਦ ਕਰ ਦੇਵਾਂ।

ਪਸੀਨਾ ਭਿੱਜੇ ਸੀਰੀ ਨੇ ਝੱਟ
ਪੱਠਿਆਂ ਦਾ ਇੱਕ ਭਾਰ ਵੱਢ ਕੇ
ਸਿਰ 'ਤੇ ਚੁੱਕ ਲਿਆ ਹੈਂਅ ਕਰ ਕੇ।

ਧੁੱਪੇ ਵਿਹੜੇ ਪਾਈਆਂ ਮਿਰਚਾਂ
ਦਿਆਲੋ ਨੇ ਬੰਨ੍ਹ ਪੰਡੋਕਲੀ
ਅੰਦਰ ਰੱਖਣ ਦੀ ਝੱਟ ਕੀਤੀ।

ਪ੍ਰੇਮੋ ਝਿਊਰੀ ਨੇ ਸੁੱਕੇ ਛਿੱਲੜ
ਕੋਠਿਓਂ ਲਾਹ ਰਸੋਈ ਰੱਖੇ
ਚੁੱਲ੍ਹਾ, ਬਾਲਣ ਦੀ ਚਿੰਤਾ ਲੱਥੀ।

ਬੁੱਢੀ ਦਾਦੀ ਟਾਅਰਾਂ ਮਾਰੇ
ਵੇ, ਜੰਮੇ ਜਾਇਓ
ਤੂੜੀ ਵਾਲੇ ਕੋਠੇ ਦਾ ਮੋਘਾ ਢਕ ਆਓ
ਭਾਦੋਂ ਝੜੀ ਦਾ ਕੀ ਭਰੋਸਾ
ਗਿੱਲੀ ਤੂੜੀ ਕਿਸ ਕੰਮ ਆਉਣੀ।

ਨਵੀਂ ਵਿਆਹੁਲੀ ਜੋੜੀ
ਚੜ੍ਹੀ ਚੁਬਾਰੇ ਕਰੇ ਕਲੋਲਾਂ
ਮੌਸਮ ਮਾਨਣ ਦੀ ਰੁੱਤ ਆਈ।

ਕਰਮੋ ਆਪਣੀ ਨੂੰਹ ਨੂੰ ਆਖੇ
ਧੀਏ, ਪੂੜੇ ਖੀਰ ਬਣਾ ਲੈ
ਬੱਚਿਆਂ ਦੀ ਹਿੰਡ ਪੂਰੀ ਹੋਜੂ।

ਗਲੀਆਂ ਵਿੱਚ ਨਿਆਣੇ ਪਿੰਡ ਦੇ
ਕੂਕਾਂ ਮਾਰ ਕੇ ਖੇਡਣ ਲੱਗੇ
ਰੱਬਾ, ਰੱਬਾ ਮੀਂਹ ਵਰ੍ਹਾ
ਸਾਡੀ ਕੋਠੀ ਦਾਣੇ ਪਾ।

ਮੈਂ ਬੱਦਲਾਂ ਦੇ ਵਰਕੇ ਉੱਤੇ
ਕਵਿਤਾ ਲਿਖਣ ਦੀ ਸੋਚ ਰਿਹਾਂ।

●

# ਮਰਜੀਵੜੀਆਂ

ਸਮਾਂ ਆਏਗਾ-
ਸ਼ਾਹੀਨ ਬਾਗ ਦੀਆਂ
ਮਰਜੀਵੜੀਆਂ
ਭਾਰਤ ਦੀ ਤਕਦੀਰ ਘੜਨਗੀਆਂ।

'ਬਰੂਨੋ' ਦਾ ਲਹੂ ਜੋ ਵੱਗਿਆ
ਉਸ ਉੱਤੇ ਉਹ ਅਮਲ ਕਰਨਗੀਆਂ।
ਤਖ਼ਤਾਂ ਦੇ ਉਦੋਂ ਪੌੜ ਨੇ ਹਿਲਦੇ
ਜਦੋਂ ਹੱਕਾਂ ਦੀ ਰਾਖੀ ਵਾਲੇ
ਇੱਕ ਮੁੱਠ ਹੋ ਕੇ ਸ਼ਕਤੀ ਬਣਦੇ
ਤੇ ਲੈ ਮਸ਼ਾਲਾਂ ਸੂਰਜ ਬਣਦੇ।

ਕਾਤਲ ਭਾਵੇਂ ਔਰੰਗਾ ਹੋਵੇ
ਜਾਂ ਕੋਈ ਭਗਵਾਂ-ਚਿੱਟਾ
ਦਿੱਲੀ ਆਖ਼ਰ ਕੂਕ ਉੱਠਦੀ,
ਲਾਲ-ਕਿਲ੍ਹੇ 'ਤੇ
ਲੋਕ-ਸ਼ਕਤੀ ਦਾ ਪ੍ਰਚਮ
ਝੂਲਣੋ ਰਹਿ ਨਹੀਂ ਸਕਦਾ
ਇਹ ਇਸ ਦਾ ਇਤਿਹਾਸ ਹੈ ਕਹਿੰਦਾ।

ਕਿੰਨੇ ਦੌਰ ਤੇ ਕਿੰਨੇ ਹੰਕਾਰੀ
ਆਖ਼ਰ ਨੂੰ ਕਬਰੀਂ ਹੀ ਸੁੱਤੇ।

ਸ਼ਾਹੀਨ ਬਾਗ਼ ਦੀਆਂ ਮਰਜੀਵੜੀਆਂ ਨੂੰ
ਜਲ੍ਹਿਆਂ ਵਾਲਾ ਬਾਗ਼ ਵੀ ਚੇਤੇ ਕਰਦਾ।

ਜਬਰ ਆਖ਼ਰ ਹੈ ਹਾਰ ਖਾਂਦਾ
ਚਾਨਣ ਕਤਲ ਕਦੇ ਨਾ ਹੁੰਦਾ
ਦੀਵੇ ਬਾਲਣ ਵਾਲੇ ਕਦ ਹਾਰੇ ਨੇ ?

●

# ਅਧਰੈਣੀ ਦਾ ਇਕ ਪਲ

ਬੂਹੇ ਉੱਤੇ
ਅਧਰੈਣੀ ਦੇ ਪਲ ਨੂੰ ਫੜ
ਖ਼ਾਮੋਸ਼ੀ ਬੈਠੀ
ਬਾਹਰ ਚਾਨਣੀ ਰਾਹਾਂ ਉੱਤੇ
ਕੱਲਮ-ਕੱਲੀ ਡੁੱਲ੍ਹੀ।
ਅੰਬਰ ਉੱਤੇ ਤਾਰਾ 'ਕੱਲਾ
ਵਿਧਵਾ ਦੇ ਪੁੱਤ ਵਾਂਗੂ ਡੁਸਕੇ।
ਟਿਕੀ ਝੀਲ ਵਿੱਚ
ਕੰਢੇ ਤੋਂ ਇੱਕ ਚੀਸ ਹੈ ਡੁੱਬੀ।
ਸੁੱਕੇ ਬਿਰਛ ਦੀ ਦੇਹੀ ਵਿੱਚੋਂ
ਟੁੱਟ ਕੇ ਇੱਕ ਪਰਛਾਵਾਂ ਤੁਰਿਆ।
ਇੰਤਜ਼ਾਰ ਨੇ ਮਾਰੂਥਲ ਵਿੱਚ
ਪੈੜਾਂ ਉੱਤੇ ਨਜ਼ਰ ਟਿਕਾ ਕੇ
ਰਾਤ ਗੁਜ਼ਾਰੀ।
ਗਲੀਆਂ ਦੇ ਵਿੱਚ ਪੌਣ ਭਟਕਦੀ
ਚੌਕੀਦਾਰ ਦੀ ਹਾਕ ਦੇ ਵਾਂਗ
ਕਿਸ ਦਾ ਸੁੱਤਾ ਮੀਤ ਜਗਾਉਂਦੀ ?
ਕੀ ਕੋਈ ਜਾਣੇ
ਸਾਡੇ ਦਿਲ 'ਤੇ
ਏਸ ਰਾਤ ਦੀ ਰੁੱਤ ਦੇ ਅੰਦਰ
ਕੀ-ਕੀ ਖੁਰਿਆ
ਕੀ-ਕੀ ਮੋਇਆ।

## ਫੱਤੂ ਬਾਬਾ

ਕਿੱਥੇ ਗਿਆ ਉਹ
ਸਿਰੜੀ, ਸਿਦਕੀ ਤੇ ਸਬਰ ਵਾਲਾ
ਜੋ ਸੂਰਜ ਚੜ੍ਹਦਿਆਂ ਹੀ
ਆਪਣੇ ਕੰਮ 'ਚ ਰੁਝ ਜਾਂਦਾ
ਤੇ ਸੂਰਜ ਦੀ ਟਿੱਕੀ ਛਿਪਣ ਵੇਲੇ
ਚੱਕ ਨੂੰ ਚਲੱਕੜ ਨਾਲ
ਘੁੰਮਾਉਣਾ ਬੰਦ ਕਰ ਦੇਂਦਾ,
ਸੂਰਜ ਥੱਕ ਜਾਂਦਾ
ਪਰ ਉਹ ਨਾ ਥੱਕਦਾ।

ਖਾਣਾ-ਪੀਣਾ ਭੁੱਲ ਜਾਂਦਾ
ਉਸਦੀ ਤ੍ਰੇਹ ਤੇ ਭੁੱਖ
ਮਿੱਟੀ ਦਾ ਹੀ ਰੂਪ ਧਾਰ ਲੈਂਦੀ।

ਚੱਕ 'ਤੇ ਸਿਰਜਦਾ
ਉਹ ਭਾਂਡਿਆਂ ਦੀਆਂ ਮੂਰਤਾਂ
ਕਦੇ ਕੁਝ, ਕਦੇ ਕੁਝ।
ਉਸਨੂੰ ਭਾਂਡੇ ਪੁੱਤਰ-ਧੀਆਂ ਜਾਪਦੇ
ਦੀਵੜੇ ਤੇ ਦੀਵੜੀਆਂ
ਪੋਤਰੇ ਤੇ ਪੋਤਰੀਆਂ ਲੱਗਦੀਆਂ।

ਉਹ ਉਨ੍ਹਾਂ ਨੂੰ ਸਾਂਭ-ਸਾਂਭ ਰੱਖਦਾ
ਚਿਣਦਾ ਤੇ ਨਜ਼ਰ ਭਰ ਕੇ ਤੱਕਦਾ
ਖੁਸ਼ ਹੁੰਦਾ।
ਉਸ ਦੇ ਲੱਥ-ਪੱਥ
ਮਟਿਆਲੇ ਹੱਥਾਂ 'ਚ ਰੱਬ ਵਸਦਾ।
ਕਰਤਾ ਤੇ ਕਿਰਤ ਇੱਕ-ਮਿੱਕ ਹੋ ਜਾਂਦੇ।
ਮਿੱਟੀ ਦੀਆਂ ਕਲਾ-ਕਿਰਤਾਂ
ਬੋਲਣ ਲੱਗਦੀਆਂ।
ਕਿੱਥੇ ਗਿਆ ਮੇਰੇ ਪਿੰਡ ਦਾ ਫੱਤੂ
ਜਿਸ ਨੂੰ ਅਸੀਂ-
ਬਾਬਾ ਫੱਤੂ ਕਹਿ ਕੇ ਖੁਸ਼ ਹੁੰਦੇ ਸੀ।

•

## ਤੈਰਦੇ ਪੱਤੇ ਦੀ ਤਕਦੀਰ

ਜੰਮਣ ਭੋਇੰ 'ਚੋਂ
ਬਿਰਖ਼ ਦੀ ਟਹਿਣਿਓਂ
ਜੋਬਨਵੰਤਾ ਹਰਾ-ਕਚੂਰ
ਪੱਤਾ ਇੱਕ ਟੁੱਟਿਆ
ਵਤਨ ਛੱਡ ਕੇ
ਉੱਡ ਗਿਆ
ਪੱਛਮ ਦੀ ਧਰਤੀ 'ਤੇ।

ਕਿੰਨਾ ਕੁਝ-
ਪੀੜ੍ਹੀ-ਦਰ-ਪੀੜ੍ਹੀ ਖੱਟਿਆ
ਪੁਰਖਿਆਂ ਦੀ ਵਿਰਾਸਤ ਛੱਡੀ
ਸੁੰਨੇ ਬੂਹੇ 'ਤੇ ਇੱਕ ਹਉਕਾ
ਜਿੰਦਰੇ ਵਾਂਗੂ ਲੱਗਿਆ
ਸੋਚੀਂ ਡੁੱਬਿਆ।

ਵਿਛੜੇ ਕਦ ਮਿਲ ਦੇ ਨੇ
ਵਾਰਸ ਸ਼ਾਹ ਨੇ ਸੱਚ ਆਖਿਆ,
ਪੱਤਣੋਂ ਲੰਘਿਆ ਪਾਣੀ
ਕਦ ਮੁੜਿਆ ਹੈ?

ਸੱਤ ਸਮੁੰਦਰ ਪੈਂਡੇ ਗੱਛ ਕੇ
ਡਾਲਰਾਂ ਖ਼ਾਤਰ

ਤੱਤਾ ਲਹੂ ਕਮਾਉਂਦਾ ਰਾਤੀ
ਇੱਧਰ-ਉੱਧਰ ਕਿਸ ਨੂੰ ਤੱਕੇ
ਮਸ਼ੀਨਾਂ ਨੇ ਤਾਂ ਚੱਲੀ ਜਾਣਾ
ਜਿੰਨੀ ਚੱਲੇ, ਉਤਨੀ ਖੱਟੀ
ਲੋਹੇ ਵਿੱਚ ਸੰਵੇਦਨਾ ਕਿੱਥੇ
ਸਿਫ਼ਟ ਮੁਕਣ ਲਈ ਤਰਲੇ ਲੈਣੇ
ਮੱਥੇ 'ਤੇ ਮੁੜਕਾ ਪੂੰਝਣ ਦੀ
ਵਿਹਲ ਮਿਲੇ ਨਾ
ਸੁਪਨੇ ਗੁਆਚੇ, ਨੀਂਦ ਨਾ ਆਵੇ
ਕਿਹੜਾ ਸਾਥੀ ਹੱਥ ਵਟਾਵੇ
ਹਰ ਕੋਈ ਪੁਰਜਾ-ਪੁਰਜਾ ਹੋਇਆ।

ਨਹੀਂ, ਨਹੀਂ, ਏਦਾਂ ਨੀਂ ਸਰਨਾ
ਉੱਠ ਮਨਾ, ਕੰਮ ਕਰਨ ਤੋਂ ਕੀ ਹੈ ਡਰਨਾ,
ਅਸੀਂ ਪੰਜਾਬੀ ਮਾਵਾਂ ਦੇ ਪੁੱਤਰ
ਜਿੱਤਾਂ ਵਾਲੇ, ਤੁਰਲਿਆਂ ਵਾਲੇ
ਔਖਿਆਈਆਂ ਤੋਂ ਕਦ ਹਾਰੇ ਹਾਂ।

●

## ਦਰਿਆ ਦਾ ਕਰਮ

ਐ ਜਗਿਆਸੂ ਬੁੱਧੀਵਾਨਾ
ਆ ਦਰਿਆ ਨੂੰ ਮਿਲਣ ਚੱਲੀਏ।
ਪਾਣੀ ਵਗਦੇ ਹੀ ਚੰਗੇ ਲਗਦੇ ਨੇ
ਸੁੱਕਿਆਂ ਕੋਲ ਉਦਾਸੀ ਤੋਂ ਬਿਨਾਂ
ਕੁਝ ਨਹੀਂ ਹੁੰਦਾ।
ਅਸੰਖ ਕਾਲਾਂ ਤੋਂ ਵਗਦੇ ਦਰਿਆ ਕੋਲ
ਦਕਸ਼ਣਾ ਦੇਣ ਦਾ ਹੁਨਰ
ਤੇ ਖੁੱਲ੍ਹ ਦਿਲੀ ਪੂਰੀ।
ਇਸ ਦੇ ਪਾਣੀਆਂ 'ਚ
ਅਥਾਹ ਕਥਾ-ਕਹਾਣੀਆਂ ਤੇ ਸੰਗੀਤ
ਤੇ ਸਮਿਆਂ ਦਾ ਇਤਿਹਾਸ ਹੈ ਸੁੱਤਾ।
ਸਭ ਤੋਂ ਵੱਡਾ ਵਰਦਾਨ ਇਸ ਨੂੰ
ਵਗਦੇ ਰਹਿਣ ਦਾ ਹੈ ਮਿਲਿਆ।
ਇਸ ਦੇ ਪਾਣੀਆਂ 'ਚ ਲੋੜਵੰਦਾਂ ਦੀ
ਤ੍ਰੇਹ ਬੁਝਾਣ ਦੀ ਪਰ-ਉਪਕਾਰਤਾ ਹੁੰਦੀ
ਇਸ ਦੇ ਪਾਣੀਆਂ 'ਚ ਕਲ-ਕਲ ਦੀ ਆਵਾਜ਼
ਜਿਹੜੀ ਬ੍ਰਹਿਮੰਡ 'ਚ
ਉਗਮੀ ਸਭ ਤੋਂ ਪਹਿਲਾਂ।
ਇਸ ਦੀ ਬੂੰਦ-ਬੂੰਦ 'ਚ
ਸੂਰਜੀ ਕਿਰਨਾਂ ਦਾ ਪ੍ਰਕਾਸ਼ ਹੈ ਅਨੂਠਾ।
ਇਸ ਦੀ ਹਿਕੜੀ ਦੇ ਕਣ-ਕਣ 'ਚ
ਲੱਖਾਂ ਧਰਤੀਆਂ ਦੀ ਹੋਂਦ ਸੁੱਤੀ।

ਇਸ ਦੀ ਕਾਇਆ 'ਚ
ਲੱਖਾਂ ਜੰਗਲ, ਜੀਵ-ਜੰਤੂ, ਪੰਛੀ, ਜਾਨਵਰ
ਕੀੜੇ-ਮਕੌੜਿਆਂ ਦੀਆਂ ਇੱਛਾਵਾਂ ਦੇ ਹਸਤਾਖ਼ਰ।
ਇਸ ਦਾ ਜਨਮ-ਮੌਤ
ਕਾਲ-ਰਹਿਤ ਭੈਅ ਮੁਕਤਾ।
ਇਸ ਦੇ ਕੰਢਿਆਂ ਨੇ ਮਾਨਵੀ ਸਭਿਅਤਾ ਸਾਂਭੀ
ਇਸ ਦੇ ਪਾਣੀਆਂ ਨੇ ਮਨੁੱਖ ਨੂੰ
ਪਰਲੇ ਪਾਰ ਜਾਣ ਦੀ ਸ਼ਕਤੀ ਨੂੰ ਜਗਾਇਆ
ਕਿਸ਼ਤੀ ਤੇ ਮਲਾਹ ਦਾ ਰਿਸ਼ਤਾ ਕਾਇਮ ਹੋਇਆ।
ਇਸ ਦੀਆਂ ਲਹਿਰਾਂ ਆਦਿ ਦੇ ਅੱਖਰ
ਤੇ ਜੁਗਾਦਿ ਦੇ ਪੰਨੇ।
ਦਰਿਆ ਦਾ ਧਰਮ ਨਾ ਕੋਈ
ਵਰਨ ਨਾ ਕੋਈ, ਦੇਸ ਨਾ ਕੋਈ,
ਮਨੁੱਖ ਨੇ ਵੰਡ ਲਿਆ ਇਸ ਨੂੰ
ਭੈੜੀ ਰਾਜਨੀਤੀ ਕਰਨ ਦੇ ਖ਼ਾਤਰ।
ਮੇਰਾ ਕਰਮ ਹੈ ਵੱਗਣਾ ਤ੍ਰਿਪਤ ਕਰਨਾ
ਤੇ ਸਗਲ ਨੂੰ ਜ਼ਿੰਦਗੀ ਦੇਣਾ।

●

# ਵੇਦਨਾ ਪ੍ਰਤੀ ਸੰਵੇਦਨਾ

ਡਿਗਦੇ ਹੋਏ ਅੱਥਰੂ ਦੀ
ਦਰਦ ਕਹਾਣੀ ਨੂੰ,
ਸਮਝਣ ਦੀ ਕੋਸ਼ਿਸ਼ ਲਈ
ਹਮਦਰਦੀ ਦੀ ਬੁੱਕ ਭਰੀਂ।

ਪ੍ਰਦੇਸੀਂ ਤੁਰ ਗਏ
ਛਿੰਦੇ ਪੁੱਤਰ ਲਈ,
ਮਾਂ ਦੇ ਹਿਰਦੇ ਦਾ
ਨੇੜੇ ਬਹਿ ਵਿਰਲਾਪ ਸੁਣੀਂ।

ਬੀਜਿਆ ਸੀ ਖੇਤੀ ਜੋ
ਪੱਲੇ ਨਾ ਮੁੱਲ ਪਿਆ,
ਕਿਰਤੀ ਦੀ ਪੀੜਾ ਨੂੰ
ਸੁਣਨੇ ਦਾ ਅਹਿਦ ਕਰੀਂ।

ਸਰਹੱਦਾਂ ਦੀ ਰਾਖੀ ਲਈ
ਜਾਨਾਂ ਜੋ ਡਾਹੁੰਦੇ ਨੇ,
ਡੁਲ੍ਹੇ ਹੋਏ ਲਹੂ ਖ਼ਾਤਰ
ਕਵਿਤਾ ਦਾ ਧਰਮ ਸੁਣੀਂ।

ਸੁਪਨੇ ਜੋ ਮਰ ਜਾਂਦੇ
ਆਸਾਂ ਦੇ ਦਵਿਆਂ ਲਈ
ਬੱਤੀ ਜੋ ਸਹਿਕ ਰਹੀ
ਸ਼ਬਦਾਂ ਦਾ ਤੇਲ ਭਰੀਂ।

ਰੂਹਾਂ ਰੰਗ ਰੱਤੀਆਂ ਨੂੰ
ਮੁਹੱਬਤ ਦੇ ਮਾਂਝੀ ਲਈ
ਡੋਲਦੀ ਕਿਸ਼ਤੀ ਨੂੰ
ਚੱਪੂ ਬਣ ਸਾਥ ਦਈਂ।

●

# ਲੋਕਾਈ ਦੀ ਖ਼ੈਰ-ਸੁੱਖ

ਕੰਜਕਾਂ ਤੇ ਕਣਕਾਂ ਨੂੰ
ਸਾਂਭਣ ਦਾ ਵੇਲਾ ਏ,
ਪੰਜਾਬ ਦੇ ਪਾਣੀਆਂ ਦਾ
ਪੈ ਗਿਆ ਝਮੇਲਾ ਏ।

ਮਾਂਵਾਂ ਨੂੰ ਪੁੱਤਰਾਂ ਦਾ
ਝੋਰਾ ਹੁਣ ਖਾਂਦਾ ਏ,
ਨਸ਼ਿਆਂ ਦਾ ਰਾਹ ਬੱਲਿਆ
ਸਿਵਿਆਂ ਨੂੰ ਜਾਂਦਾ ਏ।

ਮਿੱਟੀ ਵਿੱਚ ਦਾਣਿਆਂ ਨੂੰ
ਉੱਗਣਾ ਹੀ ਭੁੱਲਿਆ ਏ,
ਪੌਣਾਂ ਸੁਗੰਧੀਆਂ ਵਿੱਚ
ਰੰਗ ਜ਼ਹਿਰੀ ਘੁਲਿਆ ਏ।

ਰੁੱਖਾਂ ਦੇ ਪੱਤਿਆਂ 'ਤੇ
ਉਦਾਸੀ ਦਾ ਸਾਇਆ ਏ,
ਆਰੀ ਦੇ ਦੰਦਿਆਂ ਤੋਂ
ਹਰ ਰੁੱਖ ਘਬਰਾਇਆ ਏ।

ਪੰਜਾਬ ਦੇ ਆਬਾਂ ਨੂੰ
ਤਵਾਰੀਖਾਂ ਵੰਡ ਦਿੱਤਾ,
ਨਾਨਕ ਦੀ ਧਰਤੀ ਨੂੰ
ਵੰਡੀਆਂ ਪਾ ਖੰਡ ਕੀਤਾ।

ਬੁੱਲ੍ਹੇ ਦੇ ਬੋਲਾਂ ਨੂੰ
ਸੁਣਨਾ ਹੀ ਪੈਣਾ ਏਂ,
ਲੋਕੀਂ ਸਦਾ ਖੁਸ਼ ਵੱਸਣ
ਸ਼ਾਇਰ ਦਾ ਕਹਿਣਾ ਏਂ!!

●

## ਦਰਿਆ ਦੀਆਂ ਅੱਖਾਂ

ਦਰਿਆ ਦੀਆਂ ਵੀ
ਹੁੰਦੀਆਂ ਨੇ ਅੱਖਾਂ
ਜੋ ਕਦੇ ਸੱਚ ਤੋਂ
ਮੁਨਕਰ ਨਹੀਂ ਹੁੰਦੀਆਂ।

ਦਰਿਆ ਦੇ ਪਾਣੀ ਦਾ
ਜਦ ਕਦੇ ਵੀ
ਰੰਗ ਲਾਲ ਹੋਇਆ ਹੈ,
ਦਰਿਆ ਚੁੱਪ-ਚੁਪੀਤੇ
ਸਾਰੇ ਦਾ ਸਾਰਾ ਰੋਇਆ ਹੈ।

ਕਿਹੜਾ ਉਸ ਦੇ ਦਰਦ ਨੂੰ ਜਾਣੇ
ਕਿਹੜਾ ਉਸ ਦਾ ਹੰਝ ਪਛਾਣੇ,
ਕਿਤੇ ਵੀ, ਕਦੇ ਵੀ
ਜਦ ਕਦੇ ਦਰਿਆ 'ਚ
ਕਿਸੇ ਬੇਦੋਸ਼ ਦਾ-
ਖ਼ੂਨ ਡੁੱਲ੍ਹਿਆ ਹੈ
ਦਰਿਆ ਦਾ ਪਾਣੀ
ਇਤਿਹਾਸ ਦੇ ਵੈਣ ਬਣ

ਵੱਗਿਆ ਹੈ,
ਵੱਗਦੇ ਰਹਿਣਾ ਹੀ
ਦਰਿਆ ਦਾ ਕਰਮ ਹੈ।

ਵਰਕੇ 'ਤੇ ਲਿਖੇ ਅੱਖਰ
ਕਦੇ ਮਿਟਦੇ ਨਹੀਂ,
ਵਗਦੇ ਦਰਿਆ ਦੇ ਪਾਣੀਆਂ 'ਚ
ਕਦੇ ਖੋਟ ਨਹੀਂ ਹੁੰਦੀ,
ਦਰਿਆ ਦਾ ਤੱਕਿਆ ਹੀ
ਸਮੇਂ ਦਾ ਸੱਚ ਹੁੰਦਾ ਹੈ।

●

# ਪ੍ਰਕਿਰਤੀ ਨਾਲ ਗੱਲਾਂ

ਜਦ ਮੈਂ ਤੱਕਾਂ ਉੱਚੇ ਪਹਾੜ,
ਮੇਰਾ ਵੀ ਵੱਡੇ ਹੋਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਮੇਘ ਸਾਂਵਲਾ,
ਮੇਰਾ ਕਣੀਆਂ ਬਣਨ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਵਗਦਾ ਦਰਿਆ,
ਮੇਰਾ ਰਾਹੀ ਬਣਨ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਬਿਰਖ਼ ਖੜੋਤਾ,
ਮੇਰਾ ਗੀਤ ਲਿਖਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਉੱਡਦਾ ਪੰਛੀ,
ਮੇਰਾ ਅੰਬਰ ਗਾਹਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਖਿੜੇ ਫੁੱਲ ਨੂੰ,
ਮੇਰਾ ਖੁਸ਼ੀ ਵੰਡਣ ਨੂੰ
ਜੀਅ ਕਰਦਾ।

ਜਦ ਮੈਂ ਤੱਕਾਂ ਧੁੱਪ ਸੰਦਲੀ,
ਮੇਰਾ ਕਿਰਨ ਬਣਨ ਨੂੰ
ਜੀਅ ਕਰਦਾ।

●

# ਰੂਹ ਦਾ ਚਾਨਣ

ਇਹ ਚਾਨਣ ਜੋ ਬਾਹਰ ਦਿੱਸੇ
ਜਗਮਗ-ਜਗਮਗ ਕਰਦਾ
ਲੱਗਦਾ ਬੜਾ ਪਿਆਰਾ
ਇਸ ਚਾਨਣ ਦਾ ਬਹੁ ਲਿਸ਼ਕਾਰਾ
ਇਸ ਚਾਨਣ ਵਿਚ ਵਸਤਾਂ ਚਮਕਣ
ਇਸ ਚਾਨਣ ਨਾਲ ਥਾਵਾਂ ਦਮਕਣ
ਇਹ ਚਾਨਣ ਸੂਰਜ ਦਾ ਵਰਤਾਰਾ
ਸਭ ਉਸ ਦਾ ਖੇਲ ਖਲਾਰਾ।

ਆ ਨੀਂ ਜਿੰਦੇ
ਇਸ ਚਾਨਣ ਦੇ ਅੰਗ-ਸੰਗ ਤੁਰੀਏ
ਸਭ ਕੁਝ ਭੋਗ ਅਉਧ ਕਿਰ ਜਾਣਾ
ਕਿਸੇ ਨਾ ਰਹਿਣਾ
ਸਗਲ-ਵਸਤ ਨੇ ਖਿੰਡ-ਪੁੰਡ ਜਾਣਾ
ਪਹਿਰ ਰਾਤ ਦੀ ਬੁੱਕਲ ਦੇ ਵਿਚ
ਚਾਨਣ ਨੇ ਵੀ ਲੁਕ-ਛਿਪ ਜਾਣਾ

ਚੱਲ ਨੀਂ ਜਿੰਦੇ
ਆਪਣੇ ਅੰਦਰ ਅੱਗ ਮਘਾਈਏ
ਅੱਗ 'ਚੋਂ ਅੱਖਰ ਘੜੀਏ

ਅੱਖਰਾਂ ਦਾ ਇਤਿਹਾਸ ਸਿਰਜੀਏ
ਰੂਹ ਦਾ ਚਾਨਣ ਮੰਗੀਏ
ਤੇ ਸਵੈ-ਰੁਸ਼ਨਾਈਏ

ਰੂਹ ਦਾ ਚਾਨਣ
ਅਦ੍ਰਿਸ਼ਟ ਵਡਮੁੱਲਾ
ਕਦੇ ਨਾ ਮਰਦਾ
ਕਦੇ ਨਾ ਛੁਪਦਾ
ਇਸ ਚਾਨਣ ਸੰਗ
ਸਮੇਂ ਦਾ ਪਹੀਆ ਘੁੰਮਦਾ
ਆਦਿ-ਕਾਲ ਤੋਂ ਰੂਹ ਦਾ ਚਾਨਣ
ਇਕ ਜੋਤ ਤੋਂ
ਸੈਅ ਜੋਤਾਂ ਚਮਕਾਉਂਦਾ ਆਇਆ!!

●

# ਤ੍ਰੇਹ ਦੀ ਗੁਫ਼ਤਗੂ

ਬੜੀ ਦੇਰ ਤੋਂ ਬਾਅਦ
ਜਦੋਂ ਮੈਂ ਉਸ ਨੂੰ ਮਿਲਿਆ
ਦੁਪਹਿਰ ਸੀ
ਤੇ ਜੇਠ ਦਾ ਤਪਦਾ ਮਹੀਨਾ

ਮੈਂ ਕਿਹਾ :
"ਪਾਣੀ ਪਿਲਾ
ਤ੍ਰੇਹ ਲੱਗੀ ਹੈ।"
ਉਸ ਖ਼ਾਮੋਸ਼ੀ ਨਾਲ ਤੱਕਿਆ
ਤੇ ਝੱਜਰੀ 'ਚੋਂ
ਪਾਣੀ ਗਲਾਸ 'ਚ ਪਾ ਕੇ
ਮੇਰੇ ਵੱਲ ਕੀਤਾ
ਮੈਂ ਪਾਣੀ ਦੀ ਤਿੱਪ ਤਿੱਪ
ਗਲਾਸ 'ਚੋਂ ਡੀਕ ਲਾਈ
ਤੇ ਸ਼ੁਕਰੀਆ ਕੀਤਾ

ਪਰ ਉਸ ਉਹੀ ਖਾਲੀ ਗਲਾਸ
ਮੇਰੇ ਬੁੱਲ੍ਹਾਂ ਦੀ ਛੋਹ ਵਾਲਾ
ਮੁੜ ਪਾਣੀ ਨਾਲ ਭਰਿਆ
ਤੇ ਇਕੋ ਡੀਕ ਲਾ ਖਾਲੀ ਕਰ ਦਿੱਤਾ

ਨਜ਼ਰਾਂ ਥੀਂ ਕਿਹਾ :
"ਤ੍ਰੇਹ ਤਾਂ ਮੈਨੂੰ ਵੀ ਸੀ।"

ਮੈਂ ਵੇਖਿਆ
ਖਾਲੀ ਗਲਾਸ 'ਚ
ਪਾਣੀ ਦੀ ਤ੍ਰੇਹ
ਤੇ ਹੋਠਾਂ ਦੀ ਤ੍ਰੇਹ
ਗੁਫ਼ਤਗੂ ਕਰ ਰਹੀ ਸੀ!!

●

## ਚਾਨਣ ਦਾ ਸਾਹਸ

ਬਾਹਰ ਝੱਖੜ ਝੁੱਲ ਰਿਹਾ ਹੈ
ਉਤੋਂ ਰਾਤੜੀ ਦਾ ਵੇਲਾ
ਦੋ ਪਹਿਰ ਮਿਲਣ ਦਾ ਵੇਲਾ
ਹਨੇਰਾ ਮੁਸ-ਮੁਸ ਕਰ ਰਿਹਾ ਹੈ
ਲਗਦਾ ਤੂਫ਼ਾਨ ਮੱਠਾ ਨਹੀਂ ਹੋਏਗਾ

ਲਓ, ਬਿਜਲੀ ਵੀ ਗੁਲ ਹੋ ਗਈ ਹੈ
ਹਨੇਰਾ ਹੀ ਹਨੇਰਾ ਹੋ ਗਿਆ ਚੁਫ਼ੇਰੇ
ਪਰ ਘਰ ਚਾਨਣ ਦੀ ਸੁੱਖ ਮੰਗਦਾ
ਦੀਵਾ ਬਲੇ ਤਾਂ ਘਰ ਜਗਦਾ
ਚੁੱਲ੍ਹਾ ਬਲੇ ਤਾਂ ਘਰ ਹੱਸਦਾ
ਚਲੋ, ਮੋਮਬੱਤੀ ਹੀ ਬਾਲਾਂ
ਮਾਚਸ ਟਟੋਲਾਂ-
ਜਗਮਗਾਉਂਦੀ ਮੋਮਬੱਤੀ 'ਚ ਕਿੰਨੀ ਹੈ ਸ਼ਕਤੀ
ਸੇਕ ਤੇ ਚਾਨਣ ਨੂੰ
ਹਵਾ ਸੰਗ ਟਕਰਾਉਂਦੇ ਮੈਂ ਤੱਕਾਂ,
ਮੈਂ ਹੱਥਾਂ ਦੀ ਓਟ ਕਰ ਕੇ
ਕਦੇ ਲਾਟ ਬੋਚਾਂ
ਕਦੇ ਚਾਨਣ ਦਾ ਸਾਹਸ ਤੱਕਾਂ,
ਹਨੇਰੇ ਦੇ ਜੇਰੇ ਅੱਗੇ
ਚਾਨਣ ਮੈਂ ਲੜਦਾ ਤੱਕਾਂ
ਕਦੇ ਮੋਮ ਢਲਦੇ ਨੂੰ ਤੱਕਾਂ!!

## ਸ਼ਾਇਰ ਦੇ ਬੋਲ

ਬਹੁਤ ਵੱਡੀ ਭੀੜ ਸੀ
ਸ਼ੋਰ ਸੀ
ਨਾਅਰਿਆਂ ਦਾ ਜ਼ੋਰ ਸੀ
ਹੱਥਾਂ 'ਚ ਹਥਿਆਰ ਸਨ
ਲੱਠ, ਸੋਟੀਆਂ ਤੇ ਸੱਬਲਾਂ
ਤਲਵਾਰਾਂ, ਤ੍ਰਸ਼ੂਲਾਂ, ਡਾਂਗਾਂ ਦਾ
ਜੰਗਲੀ ਬਣਿਆ ਰਾਜ ਸੀ।

ਜੈ-ਜੈ ਦੀਆਂ ਆਵਾਜ਼ਾਂ
ਅੰਬਰਾਂ ਨੂੰ ਚੀਰਦੀਆਂ
ਪੌਣਾਂ ਨੂੰ ਸੀ ਛਿੱਲ ਰਹੀਆਂ
ਧਰਤ ਪੈਰੋਂ ਹਿੱਲ ਰਹੀ ਸੀ।
ਭੀੜ ਉਮੜੀ
ਕਾਫ਼ਲਾ ਫਿਰ ਬਣ ਗਈ।

ਹਜ਼ੂਮ ਨੇ ਫਿਰ
ਦੈਂਤ ਦਾ ਰੂਪ ਧਾਰਿਆ
ਜੋ ਵੀ ਦਿੱਸਿਆ
ਕ੍ਰਿਝ-ਕ੍ਰਿਝ ਕੇ ਮਾਰਿਆ
ਕਈਆਂ ਨੂੰ ਘਾਟੋਂ ਉਤਾਰਿਆ
ਬਸਤੀਆਂ ਨੂੰ ਸਾੜਿਆ।

ਕੌਮੀਅਤ ਦਾ ਘਾਣ ਸੀ
ਕੇਹਾ ਰੱਤ ਪੀਣਾ ਤੂਫ਼ਾਨ ਸੀ।

ਦੂਰ ਇੱਕ ਸ਼ਾਇਰ ਇਕੱਲਾ ਖੜ੍ਹਾ ਸੀ
ਕਾਫ਼ਲੇ ਨੇ ਓਸ ਨੂੰ ਲਲਕਾਰਿਆ
ਲਲਚਾਰਿਆ, ਧਮਕਾਰਿਆ
ਬੁਜ਼ਦਿਲੀ ਦਾ ਦੋਸ਼ ਲਾ ਕੇ
ਓਸ ਨੂੰ ਦਰਕਾਰਿਆ।
ਪਰ ਉਹ ਨਿਰਭੈ ਸੀ, ਅਡੋਲ ਸੀ
ਓਸ ਕੋਲ ਸਮੇਂ ਦਾ ਸੱਚ ਸੀ
ਪਰਤੱਖ ਸੀ, ਸੱਤ ਸੀ।

ਭੀੜ ਨੂੰ ਫਿਰ ਕੰਨ ਲੱਗੇ
ਤੂਫ਼ਾਨ ਨੂੰ ਫਿਰ ਹੋਸ਼ ਆਈ
ਸ਼ਰਮਿੰਦਗੀ 'ਚ-
ਮਰਦ ਇੱਕ ਕਹਿਣ ਲੱਗਾ
ਸੁਣੋ, ਸੁਣੋ ਰੱਬ ਦੀ ਹੈ ਮੌਤ ਹੋਈ
ਕਹਿਰ ਵੱਡਾ ਕਰ ਦਿੱਤਾ
ਪਾਗਲਪਣ ਦੇ ਦੌਰ ਨੂੰ
ਸਮਾਂ ਨਹੀਂ ਬਖ਼ਸ਼ੇਗਾ।

ਸ਼ਾਇਰ ਖੜ੍ਹਾ ਦੇਖਦਾ ਸੀ
ਸੋਚਦਾ ਸੀ :

ਜ਼ੁਲਮ ਸਾਹਵੇਂ ਕਬੀਰ ਨਹੀਂ ਸੀ ਡੋਲਿਆ
ਸੀ ਬਾਬਰ ਨੂੰ ਵੰਗਾਰ ਨਾਨਕ ਬੋਲਿਆ।
ਸ਼ਾਇਰ ਬਾਹਰੋਂ ਚੁੱਪ ਸੀ
ਪਰ ਅੰਦਰੋਂ ਕੀਰਨੇ ਸੀ ਪਾ ਰਿਹਾ
ਮਨੁੱਖ ਹੋਣ 'ਤੇ ਪਛਤਾ ਰਿਹਾ।
ਦਿਨੇ ਕੂੜ ਅਮਾਵਸ ਸੀ
ਲੋਕ-ਤੰਤਰ ਤਾਰ-ਤਾਰ ਹੋ ਗਿਆ।

ਆਖ਼ਰ ਸ਼ਾਇਰ ਬੋਲਿਆ :
ਡਿੱਠੇ ਨੂੰ ਅਣਡਿੱਠ ਕਰਨਾ ਕਠਨ ਹੈ
ਪਰ-
ਇਨਸਾਨੀਅਤ ਨੂੰ ਬਚਾਉਣਾ
ਵੱਡਾ ਧਰਮ ਹੈ ਤੇ ਕਰਮ ਹੈ।

ਕਾਨੂੰਨ ਦੀ ਕਚਹਿਰੀ ਵਿੱਚ
ਕੂੜ ਸਦਾ ਹਾਰੇਗਾ
ਸੱਚ ਸਦਾ ਤਾਰੇਗਾ
ਸ਼ਾਇਰ ਸਮੇਂ ਨੂੰ ਵੰਗਾਰੇਗਾ।

ਸਾਰਾ ਸ਼ਹਿਰ ਸ਼ਰਮਸਾਰ ਸੀ
ਨਵੀਂ ਸਵੇਰ ਦਾ ਇੰਤਜ਼ਾਰ ਸੀ!!

●

# ਪ੍ਰਦੇਸ ਤੁਰਨ ਵੇਲਾ

ਇਹ ਦਿਨ ਵੀ ਆਉਣਾ ਸੀ
ਕਿ ਪੁੱਤਰ ਚੱਲਿਆ ਪ੍ਰਦੇਸ।
ਆਪਣੀ ਮਿੱਟੀ 'ਚੋਂ ਵਿਦਾ ਹੋਣਾ
ਕੇਹਾ ਸੰਤਾਪ ਹੈ, ਰੋਟੀ-ਰੋਜ਼ੀ ਲਈ।

ਉਮਰਾਂ ਦੀ ਭਰ ਜੁਆਨੀ
ਹੁਣ ਛੱਡ ਰਹੀ ਹੈ ਬਚਪਨ
ਤੇ ਮੁਹੱਬਤ ਭਰੀਆਂ ਯਾਦਾਂ।

ਪਿੰਡ ਦੀਆਂ ਗਲੀਆਂ
ਬੂਹੇ-ਬਾਰੀਆਂ, ਪਿੱਪਲ ਤੇ ਬੋਹੜ
ਖੇੜਾ, ਖੂਹ, ਟੋਭਾ ਤੇ ਫਿਰਨੀਆਂ
ਧਰਮ-ਅਸਥਾਨ, ਸੱਥਾਂ ਦੇ ਖੁੰਢ
ਚਬੂਤਰੇ ਦੀ ਰੌਣਕ, ਬਾੜੇ-ਪਥਵਾੜੇ
ਕੜਾਹੇ 'ਚ ਪੱਕਦਾ ਗੁੜ
ਪੈਲੀ, ਟਰੈਕਟਰ-ਟਰਾਲੀ-ਟਿੱਲਰ
ਖੁਰਲੀਆਂ 'ਤੇ ਬੱਝੀਆਂ ਮੱਝਾਂ, ਕੱਟੇ-ਕੱਟੀਆਂ।

ਛਿਪਦੇ ਵੱਲੇ ਸਿਵਿਆਂ ਦਾ ਸੁੰਨ
ਪਿੰਡ ਦਾ ਸਕੂਲ ਜਿੱਥੇ ਅੱਖਰ ਸਿੱਖੇ
ਸਾਥੀਆਂ ਨਾਲ ਰਲ ਖੇਡੇ,

ਕਿੰਨਾ ਕੁਝ ਸੀ ਜੀਵਨ ਦਾ
ਜੋ ਪਲਾਂ 'ਚ ਛੱਡਣਾ ਪੈ ਰਿਹਾ।

ਮਾਂ ਤੁਰਨ ਵੇਲੇ ਦੇਵੇ ਅਸੀਸਾਂ :
"ਰੱਬਾ ਖ਼ੈਰ ਕਰੀਂ, ਪੁੱਤ ਵਧੇ ਫੁੱਲੇ"
ਪਰ ਅੰਦਰੋਂ ਹਿਚਕੀਆਂ ਭਰੇ
ਝੋਨੇ ਨਾਲ ਨੀਰ ਪੂੰਝੇ,
ਭੈਣ ਛੋਟੀ ਸਧਰਾਂ ਪਰੁੱਚੀ
ਰੀਝਾਂ ਨਾਲ ਤੱਕੇ, ਕੁਝ ਨਾ ਬੋਲੇ,
ਪਿਓ ਸੁੱਕੇ ਖੂਹ ਵਾਂਗ ਗੁੰਮ-ਸੁੰਮ
ਹੱਥ ਪਿਛਾਂਹ ਨੂੰ ਕਰ, ਤੁਰੇ ਅਗਾਂਹ ਨੂੰ
ਚੰਗੇ ਦਿਨਾਂ ਦੀ ਆਸ ਕਰਦਾ।

ਸਮਾਂ ਭਲਾਂ ਕਿੱਥੇ ਹੈ ਰੁਕਦਾ?
ਤੁਰਨ ਵਾਲੇ ਕਦਮਾਂ ਨੂੰ ਰੁਕਣ ਤੋਂ ਖ਼ਬਰਦਾਰ ਕਰਦਾ
ਇਕ ਮੁਕੰਮਲ ਬੰਦਾ ਪਿੱਛੇ ਹੈ ਰਹਿ ਜਾਂਦਾ
ਇੱਕ ਅਧੂਰਾ ਬੰਦਾ ਪਰਾਏ ਦੇਸ ਤੁਰ ਹੈ ਜਾਂਦਾ।

ਦੋ ਜੀਵਨ ਸੰਘਰਸ਼ ਕਰਦੇ
ਮਿੱਟੀ ਕਦੇ ਬੇ-ਵਫ਼ਾਈ ਨਹੀਂ ਕਰਦੀ,
ਉਡੀਕ ਕਰਦੀ ਹੈ-
ਮੁੜ ਵਤਨ ਪਰਤਣ ਤੀਕ!!

## ਖੁਰਚਨ

ਮਾਂ ਨੇ
ਦੁੱਧ ਕਾੜ੍ਹਨੀ ਪਾਇਆ
ਹਾਰੇ ਰੱਖਿਆ
ਅੱਗ ਬਾਲ ਕੇ ਤੱਤਾ ਕੀਤਾ
ਖ਼ੂਬ ਤਪਾਇਆ।
ਦੁੱਧ ਕੜ੍ਹਿਆ
ਕੜ-ਕੜ੍ਹ ਗਾੜ੍ਹਾ ਹੋਇਆ।

ਰੰਗ ਬਦਲਿਆ
ਮਹਿਕਾਂ ਛੱਡੇ
ਖਲੇਪੜ ਜਿੱਡੀ ਮਲਾਈ ਆਈ
ਮਾਂ ਨੂੰ ਪੂਰੀ ਤਸੱਲੀ ਹੋਈ।
ਸ਼ੁਕਰ ਹੈ-
ਘਰ 'ਚ ਤੋਟ ਰਹੀ ਨਾ।

ਮਾਂ ਖ਼ੁਸ਼ੀ ਵਿਛੁੰਨੀ
ਦੁੱਧ ਨੂੰ ਭਾਂਡਿਆਂ ਦੇ ਵਿੱਚ
ਸਾਂਭਦੀ ਫਿਰਦੀ
ਘਰ ਦੇ ਜੀਆਂ ਨੂੰ ਦੁੱਧ ਵੰਡੇ।

"ਪੀਓ, ਜੀਓ, ਕਰੋ ਮਿਹਨਤਾਂ
ਮਿਹਨਤ ਸਦਕਾ ਘਰ ਵਸਦੇ ਨੇ।"
ਮਾਂ ਦੀ ਕਿਰਤ ਦਵੇ ਅਸੀਸਾਂ।

ਖਾਲੀ ਹੋਈ ਕਾੜ੍ਹਨੀ ਵਿੱਚੋਂ
ਮਾਂ ਪੀੜ੍ਹੀ 'ਤੇ ਬੈਠੀ
ਖੁਰਚ-ਖੁਰਚ ਕੇ
ਖੁਰਚਨ ਖਾਵੇ
ਸ਼ੁਕਰ ਮਨਾਵੇ।
ਘਰ 'ਚੋਂ ਦੁੱਧ ਕਦੇ ਨਾ ਮੁੱਕੇ॥

●

# ਗੀਤ

ਉੱਡ ਗਏ ਤਿੱਤਰ ਮੋਰ ਨੀ ਮਾਏ
ਉੱਡ ਜਾਣੇ ਕੁਝ ਹੋਰ ਨੀ ਮਾਏ,
ਵੇਖ ਨਹੀਂ ਹੁੰਦੀ ਅੱਖੀਆਂ ਸਾਹਵੇਂ
ਸਮਿਆਂ ਦੀ ਇਹ ਤੋਰ ਨੀ ਮਾਏ।

ਸੁੱਕ ਰਹੇ ਨੇ ਚੋਅ ਨੀ ਮਾਏ
ਦਿਲ ਨੂੰ ਪੈਂਦੀ ਖੋਹ ਨੀ ਮਾਏ,
ਟੁੱਟਦੇ ਜਾਵਣ ਰਿਸ਼ਤੇ-ਨਾਤੇ
ਗੁੰਮ ਗਿਆ ਹੈ ਮੋਹ ਨੀ ਮਾਏ।

ਰੁੱਠੀ ਰੁੱਖ ਦੀ ਛਾਂ ਨੀ ਮਾਏ
ਪੁੱਤ ਨੂੰ ਡੁਸਕੇ ਬੁੱਢੀ ਮਾਂ ਨੀ ਮਾਏ,
ਗਏ ਪ੍ਰਦੇਸੀਂ ਕਦੋਂ ਮੁੜੇ ਨੇ
ਪਿੰਡ ਦੀ ਸੁੰਨੀ ਥਾਂ ਨੀ ਮਾਏ।

ਖੇਤੀ ਫ਼ਸਲਾਂ ਰੁਲਣ ਨੀ ਮਾਏ
ਮੰਡੀ ਠੱਗੀ ਤੁਲਣ ਨੀ ਮਾਏ,
ਕਿਸ ਚਸ਼ਮੇ ਤੋਂ ਤ੍ਰੇਹ ਬੁਝਾਵਾਂ
ਜ਼ਹਿਰਾਂ ਪਾਣੀ ਘੁਲਣ ਨੀ ਮਾਏ।

ਕਿੱਥੇ ਗਈਆਂ ਚਿੜੀਆਂ ਨੀ ਮਾਏ
ਨਾ ਕਪਾਹੀ ਖਿੜੀਆਂ ਨੀ ਮਾਏ,
ਮਾਵਾਂ ਦੇ ਪੁੱਤ ਜੰਗਾਂ ਖਾ ਲਏ
ਫ਼ੌਜਾਂ ਜਦ ਭਿੜੀਆਂ ਨੀ ਮਾਏ।

ਰਹੇ ਵਸੰਦਾ ਜੱਗ ਨੀ ਮਾਏ
ਇੱਕੋ ਨੂਰ ਹਾਂ ਸਭ ਨੀ ਮਾਏ,
ਉਲਝੇ ਮਸਲੇ ਹੱਲ ਹੋ ਜਾਵਣ
ਔਹੜ-ਪੌਹੜ ਲੱਭ ਨੀ ਮਾਏ।

●

## ਗੀਤ

ਕਿਸਾਨਾਂ ਤੇ ਕਣਕਾਂ ਨੂੰ
ਤੱਕਣ ਤੋਂ ਡਰ ਲੱਗਦਾ,
ਮਿਹਨਤ ਦਾ ਜੇ ਮੁੱਲ ਪੈਂਦਾ
ਮਾਂ ਦਾ ਪੁੱਤ ਕਿਉਂ ਮਰਦਾ।

ਖੇਤਾਂ ਦੇ ਸਿਆੜਾਂ ਨੂੰ
ਸੋਕੇ ਨੇ ਮਾਰ ਲਿਆ,
ਕਪਾਹੀ ਨਾ ਖੇਤ ਖਿੜੀ
ਕਰਜ਼ੇ ਦਾ ਭਾਰ ਪਿਆ।

ਬੰਬੀ ਦੇ ਪਾਣੀਆਂ ਨੂੰ
ਧਰਤੀ ਨੇ ਸੋਕ ਲਿਆ,
ਲੋਭੀਆਂ ਨੇ ਜੁਆਨੀ ਨੂੰ
ਨਸ਼ਿਆਂ ਵਿੱਚ ਝੋਕ ਦਿਆ।

ਸਿੱਟਿਆਂ ਨੂੰ ਕੀ ਗਿਣਨਾ
ਕੂੰਗੀ ਦੀ ਮਾਰ ਪਈ,
ਛੱਲੀਆਂ ਨੇ ਕੀ ਬਚਣਾ
ਤੋਤਿਆਂ ਦੀ ਡਾਰ ਪਈ।

ਮੰਡੀ ਵਿਚ ਬੋਹਲਾਂ ਦੀ
ਬੇਕਦਰੀ ਨਾ ਤੱਕ ਹੋਵੇ,
ਕਮਾਈ ਨਾ ਰਾਸ ਆਈ
ਅੰਨਦਾਤੇ ਦੀ ਅੱਖ ਰੋਵੇ।

ਪਿੰਡਾਂ ਤੇ ਖੇਤਾਂ ਵੱਲ
ਮਿਹਰ ਨੂੰ ਕਰ ਸਾਈਆਂ,
ਭੜੋਲੇ ਜੋ ਖਾਲੀ ਨੇ
ਦਾਣਿਆਂ ਨਾਲ ਭਰ ਸਾਈਆਂ!!

●

# ਧੁੱਪ ਅਤੇ ਕਵਿਤਾ

ਧੁੱਪ, ਸੂਰਜ ਦੀ ਜਾਈ
ਮਲਕ-ਮਲੱਕੜੇ ਆਵੇ
ਜੀਵਨ ਚਮਕਾਵੇ।

ਕਵਿਤਾ ਚੁੱਪ-ਚੁਪੀਤੇ ਆਉਂਦੀ
ਰੂਹ ਰੁਸ਼ਨਾਉਂਦੀ, ਗੱਲਾਂ ਕਰਦੀ।

ਧੁੱਪੜੀ ਤੱਕ ਕੇ
ਘਾਹ ਪਿਆ ਹੱਸੇ
ਫੁੱਲਾਂ ਦੇ ਰੰਗਾਂ ਵਿੱਚ ਵੱਸੇ

ਕਵਿਤਾ ਲਹੂ 'ਚੋਂ ਉਪਜੇ
ਦੁਖ-ਸੁੱਖ ਸਾਂਝਾਂ
ਮਾਂ ਵਾਂਗੂ ਹੈ ਕਰਦੀ।

ਧੁੱਪ ਬਨੇਰੇ 'ਤੇ ਜਦ ਬੈਠੇ
ਮਾਂ ਸੁੱਤੜਾ ਬਾਲ ਜਗਾਵੇ
ਤੇ ਖਿੜ ਜਾਵੇ।

ਧੁੱਪ ਦੀ ਕਾਤਰ ਦਿਵਸ ਜਗਾਉਂਦੀ
ਘਰ ਸਜਾਉਂਦੀ
ਕਵਿਤਾ ਜੀਵਨ ਜਾਚ ਸਿਖਾਉਂਦੀ।

ਧੁੱਪ ਨੂੰ ਤੱਕ ਤ੍ਰੇਲ ਦੇ ਮੋਤੀ
ਛਾਈਂ-ਮਾਈਂ ਹੁੰਦੇ।

ਕਵਿਤਾ ਦੇ ਅੱਖਰ
ਦੀਵਿਆਂ ਵਾਂਗੂ ਜਗਦੇ
ਹਨ੍ਹੇਰਾ ਦੂਰ ਭਜਾਉਂਦੇ
ਚਾਨਣ-ਚਾਨਣ ਕਰਦੇ।

ਸਿਆਲੂ ਧੁੱਪ ਸੇਕਣੀ ਚੰਗੀ ਲੱਗਦੀ
ਕਵਿਤਾ ਪੜ੍ਹਨੀ, ਸੁਣਨੀ, ਲਿਖਣੀ
ਲੋਅ ਬਣਕੇ ਹੈ ਜਗਦੀ।

ਧੁੱਪ ਚੜ੍ਹੇ ਫਸਲਾਂ ਪੱਕ ਜਾਵਣ
ਕਵਿਤਾ ਗੀਤਾ ਬਣੇ ਤਾਂ ਕੁੜੀਆਂ ਗਾਵਣ।
ਦਾਣੇ ਬੋਹਲ ਸਜਾਵਣ, ਕਿਰਤੀ ਭੰਗੜਾ ਪਾਵਣ
ਕਵਿਤਾ ਦਾ ਰਸ ਮਨ ਮੋਹ ਲੈਂਦਾ
ਸੁੱਤਾ ਸਾਜ਼ ਸੰਗੀਤ ਬਣ ਜਾਂਦਾ।
ਧੁੱਪ ਜੀਵਾਂ ਨੂੰ ਜਾਨ ਬਖ਼ਸ਼ਦੀ
ਕਵਿਤਾ ਲੈ ਰਬਾਬ ਚਹੁੰ ਕੁੰਟਾਂ ਗੱਛਦੀ।

ਧੁੱਪ ਦੀਆਂ ਕਿਰਨਾਂ ਅੰਬਰੋਂ ਆਵਣ
ਕਵਿਤਾ ਦੀਆਂ ਤੰਦਾਂ ਜਲ ਥਲ ਅੰਦਰ ਛੋਹਣ।

ਧੁੱਪ ਨੂੰ ਓਡ ਬਿਰਖ਼ ਅੰਗੜਾਈਆਂ ਲੈਂਦੇ
ਕਵਿਤਾ ਸ਼ਬਦ ਆਰਤੀ ਬਣ
ਬ੍ਰਹਿਮੰਡ ਦਾ ਥਾਲ ਸਜਾਉਂਦੀ
ਧੁੱਪ ਤੇ ਕਵਿਤਾ ਜੀਵਨ ਲਈ ਜ਼ਰੂਰੀ,
ਧੁੱਪ ਪਿੰਡੇ ਦਾ ਨਿੱਘ, ਕਵਿਤਾ ਮਨ ਦੀ ਕਸਤੂਰੀ॥

# ਮਨੀਪੁਰ ਅਣਮਨੁੱਖੀ ਤਾਂਡਵ

ਸਮਾਂ ਬੀਤਿਆ, ਯੁੱਗ ਬੀਤਿਆ
ਅਜੇ ਵੀ 'ਦਰੋਪਤੀ' ਨੂੰ
ਨਿਰਵਸਤਰ ਕਰਨ ਦੀ ਸਾਜਿਸ਼
ਭਰੀ ਸਭਾ ਵਿੱਚ
ਮਨੁੱਖੀ ਨੈਣਾਂ ਨੂੰ ਸ਼ਰਮਸਾਰ ਕਰਦੀ
ਹੌਂਕੇ ਭਰਦੀ,
ਸਵੈ-ਮਾਨ ਮਧੋਲਿਆ ਜਾਂਦਾ
ਦਰਿੰਦਗੀ ਜ਼ੁਲਮ ਕਰਦੀ।

ਕਿਸੇ ਵੀ ਯੁੱਗ ਵਿੱਚ
ਜਦੋਂ ਮਾਨਵ ਨੂੰ ਜਨਮ ਦੇਣ ਵਾਲੀ ਕੁੱਖ
ਕੋਹੀ ਹੈ ਜਾਂਦੀ
ਪ੍ਰਿਥਵੀ ਡੋਲਦੀ ਲੱਗਦੀ
ਰਾਤੜੀ ਰੁੰਨੜੀ ਲੱਗਦੀ,
ਸੱਤਾ ਦੀ ਹੰਕਾਰੀ ਕਰਤੂਤ
ਬੰਦਾ ਹੋਣ ਨੂੰ ਕਲੰਕਿਤ ਕਰਦੀ
ਉਦੋਂ ਹਿਰਦੇ ਵਲੂੰਦਰਨ ਦੀ ਘਟਨਾ
ਇਨਸਾਨੀਅਤ ਨੂੰ ਪ੍ਰਸ਼ਨ ਕਰਦੀ।

ਜਦੋਂ ਮਨੀਪੁਰ ਨਗਨ ਕੀਤੀਆਂ ਜਾਵਣ ਅਬਲਾਵਾਂ
ਲੋਕ-ਤੰਤਰੀ ਹਕੂਮਤ ਨੂੰ ਡੁੱਬ ਜਾਣ ਦੀ ਤੁਹਮਤ ਲੱਗਦੀ।

ਅਣਮਨੁੱਖੀ ਤਾਂਡਵ ਨੇ ਮਨਾ 'ਚ ਜੋ ਚੀਰ ਪਾਇਆ
ਕਦੋਂ ਭਰ ਸਕੇਗਾ ਖ਼ੁਦਾ ਜਾਣੇ ?

ਕਦੇ ਦਿੱਲੀ ਦੀ ਸੜਕ 'ਤੇ
ਕੰਜਕ ਨੂੰ ਬੇਪਰਦ ਕਰਕੇ ਕਤਲ ਹੁੰਦਾ
ਤਾਂ ਸੰਸਦ ਲਹੂ ਦੇ ਧੱਬਿਆਂ ਨਾਲ ਮਲੀਨ ਹੁੰਦੀ,
ਜਦੋਂ ਕੋਈ ਬਾਲੜੀ
ਵਿੱਦਿਆ-ਮੰਦਰ 'ਚ ਸੁਰੱਖਿਅਤ ਨਾ ਹੋਵੇ
ਤਾਂ ਗੁਰੂ-ਸ਼ਿਸ਼ ਦੀ ਪਰੰਪਰਾ ਪ੍ਰਸ਼ਨ ਕਰਦੀ
ਕਿੱਥੇ ਹੈ ਧਰਮ ਤੇ ਨਿਆਂ ਦੀ ਸੰਸਥਾ ?

ਐ, ਵਤਨ ਦੇ ਮਾਲਕੋ, ਸਾਸ਼ਕੋ, ਨੀਤੀਵਾਨੋ
ਕੁਰਸੀਆਂ ਦੇ ਲੋਭ ਖ਼ਾਤਰ ਜ਼ਮੀਰਾਂ ਵੇਚਣ ਵਾਲਿਓ
ਕਿਉਂ ਧੀਆਂ ਦੀ ਅਸਮਤ ਦੇ ਲੁਟੇਰਿਆਂ ਨੂੰ
ਨੱਥ ਕਿਉਂ ਨਹੀਂ ਪਾਉਂਦੇ ?
ਦੇਸ਼ ਦਾ ਗੌਰਵ ਬਚਾਉਣਾ ਪ੍ਰਥਮ ਹੈ ਜ਼ਰੂਰੀ !!

●

# ਕਿੰਝ ਖੂੰਡੀ ਬਣੀ ਹਥਿਆਰ

ਕਰਮੋ ਬੇਬੇ ਬੁੱਢੀ ਉਮਰੇ
ਹੱਥ ਖੂੰਡੀ ਲੈ ਖੇਤਾਂ ਨੂੰ ਜਾਂਦੀ
ਸਰ-ਸਰ ਕਰਦੀਆਂ ਫ਼ਸਲਾਂ
ਉਸਦੇ ਝੋਨੇ ਵਾਂਗ ਲਹਿਰਦੀਆਂ
ਪੀਲਾ ਦੁਪੱਟਾ ਤੇ ਪੀਲੇ ਫੁੱਲ ਸਰ੍ਹੋਂ ਦੇ
ਇੱਕ-ਮਿੱਕ ਹੋਏ ਲੱਗਦੇ
ਕੋੜਮੇ ਕਬੀਲੇ ਦੇ ਖਰਚੇ ਪੂਰੇ ਕਰਨ ਦੇ
ਸੁਪਨੇ ਪੂਰਨ ਹੁੰਦੇ-
ਘਰ ਖੁਸ਼ਹਾਲ, ਮੌਜਾਂ ਕਰਦਾ।

ਕਰਮੋ ਬੇਬੇ ਬੰਬੀ ਦੇ ਪਾਣੀ ਨੂੰ ਤੱਕਦੀ
ਠੰਢ ਪੈ ਜਾਂਦੀ
ਰੱਬ ਖੇਤਾਂ ਵਿੱਚ ਜਿਉਂਦਾ ਲੱਗਦਾ
ਫ਼ਸਲਾਂ ਵਧ-ਵਧ ਉੱਚੀਆਂ ਹੁੰਦੀਆਂ
ਕਣਕਾਂ ਦੀਆਂ ਬੱਲੀਆਂ ਹੱਸਦੀਆਂ
ਝੁਮਕਿਆਂ ਵਾਂਗ ਸੁਨਹਿਰੀ ਲੱਗਦੀਆਂ
ਦਾਣਿਆਂ ਨਾਲ ਭੜੋਲੇ-ਮੱਟੀਆਂ ਭਰਦੀਆਂ
ਕੁੱਪ ਤੂੜੀ ਦੇ ਗੁੰਬਦ ਲੱਗਦੇ, ਪਸ਼ੂ ਪਿਆਰੇ ਫਬਦੇ
ਉੱਤਮ ਖੇਤੀ ਦਾ ਕਥਨ ਸੱਚ ਹੋ ਜਾਂਦਾ
ਘਰ ਬਹਿਸ਼ਤ ਬਣ ਜਾਂਦਾ
ਕਰਮੋ ਬੇਬੇ ਅੰਮ੍ਰਿਤ ਵੇਲੇ ਦੁੱਧ ਰਿੜਕਦੀ
ਗੀਤ ਉਚਰਦੀ, ਬਾਣੀ ਪੜ੍ਹਦੀ
ਸਾਰੇ ਜੀਅ ਕੰਮੀਂ ਰੁਝੇ ਰਹਿੰਦੇ।

ਸਮਾਂ ਬਦਲਿਆ, ਕੰਮ ਬਦਲਗੇ
ਖੇਤਾਂ ਵਿੱਚ ਖ਼ੁਦਕੁਸ਼ੀਆਂ ਉਪਜਣ ਲੱਗੀਆਂ
ਮਹਿੰਗਾਈ ਨੇ ਖੇਤੀ ਦੀ ਕੰਗਰੋੜ ਤੋੜ ਤੀ
ਮਾਰੂ ਖਾਦਾਂ, ਨਕਲੀ ਬੀਜਾਂ, ਟਰੈਕਟਰ-ਟਰਾਲੀਆਂ
ਧੂਮ ਮਚਾਈ, ਪਈ ਦੁਹਾਈ, ਰੁਲ ਗਈ ਕਮਾਈ
ਕਿਰਸਾਨੀ ਨੂੰ ਕਰਜ਼ਿਆਂ ਦਾ ਘੁਣ ਖਾਵਣ ਲੱਗਾ
ਕੇਹਾ ਜ਼ਮਾਨਾ, ਰੋਟੀ ਦੀ ਥਾਂ-
ਸਲਫਾਸ ਖਾਣ ਨੂੰ ਹੋਈ, ਦੁਹੱਥੜੇ ਮਾਰ ਸੱਥ ਹੈ ਰੋਈ।
ਮੋਢੇ ਟੰਗਿਆ ਪਰਨਾ ਫਾਹੀ ਬਣਿਆ
ਧਰਤੀ ਰੋਈ, ਪੰਜ ਆਬਾਂ ਦੇ ਪਾਣੀ ਰੋਏ।

ਕਰਮੋ ਬੇਬੇ ਤੋਂ ਇਹ ਵਰਤਾਰਾ ਸਹਿਨ ਨਾ ਹੋਇਆ
ਪਿੰਡ ਜਗਾਇਆ, ਪੁੱਤਰਾਂ ਤੋਂ ਅੱਗੇ ਹੋ ਕੇ
ਬੁਲੰਦ ਆਵਾਜ਼ 'ਚ ਬੋਲੀ : ਚੱਲੋ ਦੂਲਿਓ
ਸ਼ੰਭੂ ਬਾਰਡਰ ਉੱਤੇ, ਦਿੱਲੀ ਤਖ਼ਤ ਹਰਾ ਕੇ ਮੁੜਨਾ
ਧਰਤੀ-ਮਾਂ ਮੈਂ ਵਿਕਣ ਨਹੀਂ ਦੇਣੀ,
ਪੱਤ ਪੰਜਾਬ ਦੀ ਸਾਂਭ ਕੇ ਰੱਖਣੀ
ਮੁੱਲ ਫਸਲਾਂ ਦਾ ਲੈ ਕੇ ਹਟਣਾ
ਮਾਰੂ-ਕਾਨੂੰਨ ਭਸਮਾ ਕੇ ਮੁੜਨਾ, ਕਿਸਾਨ ਮੋਰਚਾ ਜਿੱਤ ਅਸਾਡੀ
ਕਰਮੋ ਬੇਬੇ ਦੇ ਮੋਢੇ 'ਤੇ, ਖੂੰਡੀ 'ਤੇ ਟੰਗਿਆ ਝੰਡਾ ਝੂਲੇ!!

●

# ਧਰਤੀ ਦੀ ਕੰਬਣੀ

(ਸੰਸਾਰ ਅਮਨ ਦੇ ਨਾਂ)

ਜੰਗ ਕਰਦੀ
ਧਰਤੀ ਨੂੰ ਬਦਰੰਗ।
ਕੰਬਦੀ ਹੈ ਧਰਤੀ
ਅੰਬਰ ਭਰਦਾ ਹੈ ਹਉਕਾ
ਪਹਾੜਾਂ ਨੂੰ ਆਉਂਦੀ ਤ੍ਰੇਲੀ
ਸਾਗਰੀ ਜੀਵਾਂ 'ਤੇ ਕਹਿਰ ਢਹਿੰਦਾ
ਬਿਰਖ਼ ਲੂਸੇ ਜਾਂਦੇ, ਵੈਣ ਪਾਉਂਦੇ
ਫੁੱਲਾਂ 'ਤੇ ਤ੍ਰੇਲ ਦੀ ਥਾਂ
ਜ਼ਹਿਰ ਵਰ੍ਹਦੀ
ਹੰਝੂ ਵਹਿੰਦੇ, ਰੰਗ ਮਲੀਨ ਹੁੰਦੇ
ਪੰਛੀ ਕੁਰਲਾਂਦੇ, ਆਲ੍ਹਣੇ ਡਿਗਦੇ
ਜੀਵ-ਜੰਤੂ ਅਗਨ ਭੇਟ ਹੁੰਦੇ।

ਬਲਿਹਾਰੀ ਕੁਦਰਤ ਜ਼ਖ਼ਮੀ ਹੁੰਦੀ
ਮਿੱਟੀ ਦੀ ਕੁੱਖ ਸੜਦੀ
ਰੱਬ ਵੀ ਦੁਹਾਈ ਪਾਉਂਦਾ
ਤੈਂ ਕੀ ਦਰਦ ਨਾ ਆਇਆ
ਬਾਬੇ ਨਾਨਕ ਦਾ ਪ੍ਰਵਚਨ ਯਾਦ ਆਉਂਦਾ।

ਕਦੇ ਸਕੰਦਰ, ਕਦੇ ਹਿਟਲਰ, ਮੁਗ਼ਲ, ਨਾਜ਼ੀ
ਜ਼ਾਰ ਸ਼ਾਹੀ ਕਤਲੇਆਮ ਕਰਦੀ

ਹੀਰੋਸ਼ੀਮਾ-ਨਾਗਾਸਾਕੀ, ਸੰਤਾਲੀ, ਚੁਰਾਸੀ
ਕੀ-ਕੀ ਨੀ ਹੋਇਆ।
ਸੱਤਾ ਹੰਕਾਰੀ, ਜ਼ਾਲਮ ਭਿਅੰਕਾਰੀ
ਮਾਨਵਤਾ ਦਾ ਘਾਣ ਕਰਦੀ
ਇਹ ਹਉਮੈ ਦੇ ਹਰਨਾਕਸ਼ ਰਾਜ ਕਰਦੇ।

ਮਾਸੂਮ ਬੱਚੇ, ਅਬਲਾ ਲੋਕਾਈ, ਬੇਦੋਸ਼ੀ ਮਨੁੱਖਤਾ
ਲਹੂ 'ਚ ਲੱਥ-ਪੱਥ ਹੁੰਦੇ
ਤੜਪਦੇ, ਸਹਿਕਦੇ ਵੇਖੇ ਨਾ ਜਾਂਦੇ,
ਧਰਤੀ 'ਤੇ ਖ਼ੂਨ ਵਹਿੰਦਾ, ਤ੍ਰੁਰੰਦਾ
ਘਰ ਬਰਬਾਦ ਹੁੰਦੇ, ਸ਼ਹਿਰ, ਪਿੰਡ ਰੋਂਦੇ।
ਤਲਵਾਰਾਂ, ਨੇਜੇ, ਬਰਛੇ, ਗੰਡਾਸੇ
ਤੀਰਾਂ ਤੇ ਖੰਜਰਾਂ ਦਾ ਸਮਾਂ ਲੰਘ ਚੁੱਕਾ
ਹਾਥੀ, ਘੋੜੇ ਤੇ ਰੱਥਾਂ ਦਾ ਯੁੱਗ ਲੰਘਿਆ
ਪਿੱਟ-ਪਿੱਟ ਮਾਨਵਤਾ ਥੱਕੀ ਤੇ ਅੱਕੀ।

ਬੰਬਾਂ, ਐਟਮਾਂ, ਤੋਪਾਂ, ਬੰਦੂਕਾਂ
ਰਾਕਟਾਂ ਤੇ ਟੈਂਕਾਂ ਤੋਂ ਅਗਾਂਹਾਂ
ਪ੍ਰਮਾਣੂ ਮਿਸਾਲਾਂ, ਮਾਰੂ ਗੈਸਾਂ,
ਆਧੁਨਿਕ ਜੰਗੀ ਤਬਾਹਕੁਨ ਕਾਢਾਂ ਨੇ

ਧਰਤੀ 'ਤੇ ਕੀਤੀ ਤਬਾਹੀ ਹੀ ਤਬਾਹੀ
ਪਲਾਂ 'ਚ ਵਿੱਚ ਢਹਿ-ਢੇਰੀ ਕੀਤੇ
ਵਿੱਦਿਆਲੇ, ਹਸਪਤਾਲ ਤੇ ਉੱਚੇ ਮੀਨਾਰੇ।

ਧੂੰਆਂ ਹੀ ਧੂੰਆਂ, ਅੱਗਾਂ ਦੇ ਭਾਂਬੜ
ਕਾਲਖ਼ ਹੀ ਕਾਲਖ਼ ਬ੍ਰਹਿਮੰਡ ਹੋਇਆ
ਕਾਹਦੀਆਂ ਇਹ ਜਿੱਤਾਂ, ਸੱਤਾ ਦੇ ਨਾਅਰੇ
ਜੋ ਮਨੁੱਖਤਾ ਨੂੰ ਦਰਕਾਰੇ ਤੇ ਮਾਰੇ
ਕਾਲਿੰਗਾ ਨੂੰ ਚੇਤੇ ਕਰਨਾ ਜ਼ਰੂਰੀ
ਅਸ਼ੋਕ ਸਾਮਰਾਟੀ ਨੇ ਹਟਕੋਰਾ ਸੀ ਭਰਿਆ
ਜੇ ਲੋਕ ਹੀ ਨੀ ਜਿਉਂਦੇ
ਤਾਂ ਰਾਜ ਕਿਸ 'ਤੇ ਕਰਨਾ?
ਹਿੰਸਾ ਨੂੰ ਅਹਿੰਸਾ 'ਚ ਬਦਲਣਾ ਜ਼ਰੂਰੀ।

ਹਥਿਆਰਾਂ ਦੇ ਸੁਦਾਗਰੋ
ਐ ਜੰਗਬਾਜ਼ੋ, ਤਖ਼ਤ ਤਾਜ਼ਦਾਰੋ
ਦੈਂਤੋ, ਦਰਿੰਦਿਓ- ਸੁਣੋ, ਕੰਨ ਖੋਲ੍ਹੋ
ਜਨਤਾ ਹੈ ਕਹਿੰਦੀ :
ਧਰਤੀ ਦੀ ਹੂਕ 'ਚ
ਸ਼ਕਤੀ ਬੜੀ ਹੈ
ਅਮਨਾਂ ਦੇ ਅਮਲ ਹੀ
ਮਸਲੇ ਨਜਿੱਠਦੇ!!

## ਜੀਵਨ ਕਲਾ

ਬਰਫ਼ ਦਾ ਡਲਾ ਪਿੰਘਲ ਕੇ
ਪਾਣੀ ਬਣ ਜਾਂਦਾ ਆਖ਼ਰ,
ਪੱਥਰ ਬਣਿਆ ਕਠੋਰ ਦਿਲ ਜੇ
ਮੋਮ ਬਣ ਜਾਏ ਤਾਂ ਚੰਗਾ।

ਬਿਰਖ਼ ਥੱਲੇ ਕੋਈ ਵੀ ਆਏ
ਛਾਂ ਮਾਨਣ ਤੋਂ ਇਨਕਾਰ ਨਹੀਂ ਕਰਦਾ,
ਦਰ ਆਏ ਲੋੜਵੰਦ ਦੀ ਇੱਛਾ
ਪੂਰੀ ਹੋ ਜਾਏ ਤਾਂ ਚੰਗਾ।

ਖਿੜੇ ਫੁੱਲ ਰੰਗ-ਰੱਤੇ, ਮਹਿਕ ਵੰਡਣ
ਕੋਈ ਆਏ ਖੇੜਾ ਮਾਣ ਸਕਦਾ ਹੈ,
ਦੂਜਾ ਸਾਨੂੰ ਆਪਣਾ ਆਖ ਸੱਦੇ
ਖ਼ੁਸ਼ੀ ਵੰਡੀਏ ਤਾਂ ਚੰਗਾ।

ਮੋਢੇ ਲੱਗੀ ਸਾਰੰਗੀ ਦੀ ਜੀਲ
ਦਰਦ ਕੰਬਣੀ ਬਣ ਗੂੰਜੇ,
ਲੋਕ-ਪੀੜਾ ਨਮਿਰਤ ਕਰਨ ਖ਼ਾਤਰ
ਸ਼ਾਇਰ ਕਵਿਤਾ ਲਿਖੇ ਤਾਂ ਚੰਗਾ।

ਉੱਡਦਾ ਪੰਛੀ ਕਦੇ ਰੁਕਦਾ ਨਹੀਂ
ਨਾ ਤੱਕੇ ਪਿਛਾਂਹ ਸਫ਼ਰ ਤਹਿ ਕਰਦਾ,

ਖੜੋਤਿਆਂ ਮਸਲੇ ਹੱਲ ਨਹੀਂ ਹੁੰਦੇ
ਪਾਣੀ ਵਗਦੇ ਰਹਿਣ ਤਾਂ ਚੰਗਾ।

ਜਿੱਡਾ ਪਹਾੜ ਵੱਡਾ, ਓਡੀ ਖ਼ਾਮੋਸ਼ੀ
ਸਦੀਆਂ ਤੋਂ ਸੁੱਤੀ ਜਾਪਦੀ ਹੈ,
ਬੋਲਣ ਤੋਂ ਪਹਿਲਾਂ ਸੁਣਨ ਦਾ
ਹੁਨਰ ਸਿੱਖੇਂ ਤਾਂ ਚੰਗਾ।

●

# ਸਰਗ ਦੂਜਾ

## ਅਤੀਤ ਦੀ ਖਿੜਕੀ

ਜੜ੍ਹ ਤੋਂ ਉੱਖੜੇ ਬਿਰਖ਼ ਵਿੱਚ
ਕਿੰਜ ਕੋਈ ਪਾਵੇ ਜਾਨ,
ਕੌਮ ਜੇ ਵਿਰਸਾ ਭੁੱਲ ਜੇ
ਰਹਿੰਦੀ ਨਾ ਕੋਈ ਸ਼ਾਨ।

# ਚੱਕੀ

ਬਚਪਨ 'ਚ ਛੋਟੇ ਹੁੰਦਿਆਂ
ਮਾਂ ਆਪਣੇ ਕੋਲ ਬੈਠਾ ਕੇ ਦੱਸਦੀ :
ਦਾਦੀ-ਮਾਂ ਤੜਕੇ ਉੱਠਦੀ
ਰੱਬ ਧਿਆਉਂਦੀ, ਹੱਥ ਸੁੱਚੇ ਕਰਦੀ
ਚੱਕੀ ਨੇੜੇ ਪੀੜ੍ਹੀ ਡਾਉਂਦੀ
ਬੋਹੀਏ ਵਿੱਚ
ਸਾਫ਼, ਸੁਕਾਈ ਕਣਕ ਸਾਂਭਦੀ
ਸੱਜੇ ਹੱਥ ਨਾਲ
ਚੱਕੀ ਦੀ ਹੱਥੀ ਫੜ ਘੁਮਾਉਂਦੀ
ਖੱਬੇ ਹੱਥੀਂ ਕਣਕ ਦੀ ਮੁੱਠੀ
ਚੱਕੀ ਦੇ ਮੂੰਹ ਵਿੱਚ ਪਾਉਂਦੀ ਰਹਿੰਦੀ
ਦਾਣੇ ਖਿੰਡਣ ਦਾ ਧਿਆਨ ਰੱਖਦੀ।

ਸਹਿਜੇ-ਸਹਿਜੇ ਚੱਕੀ ਦਾ ਪੁੜ ਘੁੰਮਦਾ
ਕੀਲੀ ਦੋਵੇਂ ਪੁੜ ਸਾਂਭਦੀ
ਕਣਕ ਦੇ ਦਾਣੇ ਕਰੜ-ਕਰੜ ਕਰਦੇ
ਚੱਕੀ ਘੁੰਮਦੀ
ਮਿੱਠਾ-ਮਿੱਠਾ ਸੰਗੀਤ ਉਪਜਦਾ।

ਪ੍ਰਭਾਤ ਹੋਣ ਤੋਂ ਪਹਿਲਾਂ
ਦਾਦੀ-ਮਾਂ ਆਟਾ ਪੀਂਹਦੀ ਰਹਿੰਦੀ

ਚਿੱਟਾ ਬਣਿਆ ਰੇਸ਼ਮ ਆਟਾ
ਪਰਾਤ ਵਿੱਚ ਢੇਰੀ ਹੁੰਦਾ ਰਹਿੰਦਾ।
ਪਰਾਤ ਭਰ ਜਾਂਦੀ, ਦਾਣੇ ਮੁੱਕ ਜਾਂਦੇ।

ਦਾਦੀ-ਮਾਂ ਜਪੁਜੀ-ਪਾਠ ਸੰਪੂਰਨ ਕਰਦੀ
ਕਿਰਤ ਤੇ ਨਾਮ-ਸਿਮਰਨ ਦਾ ਕਾਰਜ
ਪੂਰਾ ਹੋ ਜਾਂਦਾ।

ਦਾਦੀ-ਮਾਂ
ਪੀਸਿਆ ਆਟਾ ਮੱਟੀ ਵਿੱਚ ਸਾਂਭਦੀ
ਘਰ ਦੇ ਜੀਆਂ ਦੀ ਸੁੱਖ ਮਨਾਉਂਦੀ
ਅੰਮ੍ਰਿਤ ਵੇਲਾ ਚੰਗਾ ਲੱਗਦਾ,
ਸੂਰਜ ਕਿਰਨਾਂ ਵੰਡਣ ਲੱਗਦਾ।

ਦਾਦੀ-ਮਾਂ ਦੇ ਮੂੰਹੋ ਨਿਕਲਦਾ :
"ਚੱਕੀ ਚੱਲੇ, ਚੁੱਲ੍ਹਾ ਤਪੇ।"

●

## ਕਟੋਰਾ

ਕਟੋਰਾ ਹੁਣ ਘਰਾਂ 'ਚੋਂ
ਗੁੰਮ ਗਿਆ ਹੈ,
ਕਾਂਸ਼ੀ, ਪਿੱਤਲ, ਭਰਤ, ਤਾਂਬੇ ਤੋਂ
ਰੁੱਸ ਗਿਆ ਹੈ ਕਟੋਰੇ ਦਾ ਜਨਮ।

ਤੁਸੀਂ ਮੈਨੂੰ ਕਿਸੇ ਖੱਲ-ਖੂੰਜੇ
ਜਾਂ ਪੁਰਾਣੀਆਂ ਵਸਤਾਂ ਸਮਝ
ਮੇਰੀ ਚਮਕਦੀ-ਲਿਸ਼ਕਦੀ ਕਾਇਆ ਨੂੰ
ਥਾਂ-ਕੁਥਾਂ ਲੋਪ ਦਿੱਤਾ ਹੈ ਕਿਸੇ ਨੁੱਕਰੇ।

ਪਰੰਪਰਾ ਨੂੰ ਮਹਿਜ ਪੁਰਾਤਨ ਆਖ
ਫਜ਼ੂਲ ਸਮਝਣਾ ਚੰਗਾ ਨਹੀਂ ਹੁੰਦਾ
ਬੀਤੇ 'ਚੋਂ ਹੀ ਵਰਤਮਾਨ ਸਮਝ ਆਉਂਦਾ ਹੈ।

ਨਾਨੀ-ਮਾਂ ਦੱਸਦੀ ਸੀ :
ਦੁੱਧ ਦਾ ਭਰਿਆ ਕਟੋਰਾ
ਗੁਰਮੇਲ ਸਿਹੁੰ ਦੋਵੇਂ ਹੱਥਾਂ 'ਚ ਫੜ
ਸੜਾਕ ਲੈਂਦਾ ਸੀ ਇੱਕੋ ਸਾਹੇ।

ਮੱਝਾਂ ਦੇ ਥਣਾਂ 'ਚੋਂ ਚੋਇਆ ਅੰਮ੍ਰਿਤ ਦੁੱਧ
ਚਾਟੀਆਂ ਤੇ ਕਾੜ੍ਹਨੀਆਂ ਨੂੰ ਤਰਸਦਾ ਰਹਿੰਦਾ।

ਡਕਾਰ ਕੇ ਦੁੱਧ ਗੁਰਮੇਲਾ
ਮੁੱਛਾਂ 'ਤੇ ਹੱਥ ਫੇਰਦਾ
'ਬਚਿੱਤਰ ਸਿੰਘ' ਸੀ ਬਣ ਜਾਂਦਾ।

ਦਾਦੀ-ਮਾਂ ਇਹ ਵੀ ਸੁਣਾਉਂਦੀ ਸੀ :
ਛੰਨਾ ਛਾਛ ਦਾ ਨੱਕੋ-ਨੱਕ ਭਰਿਆ
ਜਿਸ ਨੂੰ ਪੀਣ ਲਈ ਬਿੱਕਰ ਸਿਹੁੰ ਦੇ ਹੱਥ
ਅੱਗੇ ਵਧਦੇ ਤੇ ਬੁੱਲ੍ਹਾਂ ਨੂੰ ਪਤਾ ਨਾ ਲੱਗਦਾ
ਕਦੋਂ ਪੀ ਹੋ ਗਿਆ ਲੱਸੀ ਦਾ ਛੰਨਾ ਸਾਰਾ।

ਕਟੋਰੇ ਨੂੰ ਅੰਗੜਾਈ ਆਉਂਦੀ
ਤੇ ਪੀਣ ਵਾਲੇ ਦੀ ਅਣਖ ਜਾਗ ਪੈਂਦੀ,
ਪੰਜਾਬ ਮੋਢੇ 'ਤੇ ਡਾਗਾਂ ਉਲਾਰ ਲੈਂਦਾ
ਕਟੋਰਾ ਕਠੋਰ ਹੁੰਦਿਆਂ ਵੀ
ਮੁਹੱਬਤ ਦੀ ਸਾਂਝ ਪਾਉਂਦਾ।
ਗ੍ਰਹਿਣੀ ਘਰ ਆਏ ਕੰਮੋਂ ਜਾਏ ਨੂੰ
ਨਜ਼ਰਾਂ ਮਿਲਾ ਦੁੱਧ ਦਾ ਕਟੋਰਾ ਫੜਾਉਂਦੀ
ਬਿਨ ਬੋਲਿਆਂ ਤੱਕਦੀ :
"ਤੇਰੇ ਤਕੜੇ ਜੁੱਸੇ ਨਾਲ ਹੀ
ਮੇਰੀ ਜਵਾਨੀ ਤੇ ਹੁਸਨ ਪਰਖੇ ਜਾਂਦੇ ਹਨ।"

●

## ਪੋਰ

ਬਾਬਾ ਦੱਸਦਾ :
ਜਦ ਕੱਤਕਵਾੜਾ ਆਉਂਦਾ
ਕਣਕ ਬੀਜਣ ਦਾ ਕੰਮ ਛਿੜ ਜਾਂਦਾ
ਭੈਜਲ ਹੁੰਦਾ, ਅਰਾਮ ਨਾ ਰਹਿੰਦਾ।

ਭੋਇੰ ਦੀ ਗਿੱਲ ਸਾਂਭਣ ਦੀ ਚਿੰਤਾ ਹੁੰਦੀ
ਹਰ ਕੰਮ ਬੱਤ ਸਮੇਂ ਹੀ ਭਾਉਂਦਾ
ਬਾਬਾ ਬਾਰ-ਬਾਰ ਸਮਝਾਉਂਦਾ।

ਉੱਠ ਸਵੱਖ਼ਤੇ ਮੂੰਹ-ਨੇਰ੍ਹੇ ਹੀ
ਖੇਤਾਂ ਦੇ ਵਿੱਚ ਹਾਜ਼ਰ ਹੁੰਦਾ।
ਖੇਤ ਦੀ ਮਿੱਟੀ ਸ਼ੱਕਰ ਵਰਗੀ
ਕਰਨ 'ਚ ਲੱਗਿਆ ਰਹਿੰਦਾ।

ਰੱਬ-ਰੱਬ ਕਰਕੇ
ਬੀਜਣ ਦਾ ਦਿਨ ਆਉਂਦਾ।

ਹਲ ਦੇ ਨਾਲ ਪੋਰ ਬੰਨ੍ਹਦਾ
ਰੱਸੀਆਂ ਕੱਸਦਾ।
ਬਲਦਾਂ ਦੀ ਜੋਤ ਨੂੰ ਵੇਖ ਮੁਸਕਾਉਂਦਾ
ਸ਼ਾਲਾ ਬੱਗਿਆ, ਸ਼ਾਲਾ ਢੂੰਠਿਆ
ਕਹਿ-ਕਹਿ ਟਚਕਾਰੀ ਲਾਉਂਦਾ।

ਮੋਢੇ ਟੰਗੀ ਝੋਲੀ ਵਿੱਚੋਂ ਧੜੀ ਬਰਾਬਰ
ਸੁਥਰੀ, ਸਾਂਭੀ ਰੱਖੀ ਕਣਕ ਬੀਜਦਾ।

ਇੱਕ ਹੱਥ ਹਲ ਦੀ ਹੱਥੀ ਫੜਦਾ
ਦੂਜੇ ਹੱਥੀਂ ਝੋਲੀ 'ਚੋਂ ਮੁੱਠੀ ਭਰ ਦਾਣੇ
ਪੋਰ ਦੇ ਰਾਹੀਂ ਪੋਰੀ ਜਾਂਦਾ,
ਬਾਬਾ ਦਾਣੇ ਪੋਰਦਾ ਜਪ ਕਰਦਾ
ਦਾਣਿਆਂ ਦੀ ਮਾਲਾ ਫੇਰਦਾ ਲੱਗਦਾ।

ਕਿਰਤ ਤੇ ਜਪ ਨਾਨਕ-ਬਾਣੀ ਦਾ ਇੱਕੋ
ਰੂਪ ਜਾਪਦੇ।

ਹਲ ਅੱਗੇ-ਅੱਗੇ ਤੋਰੀ ਜਾਂਦਾ
ਸਿਆੜਾਂ ਵਿੱਚ ਦਾਣਾ-ਦਾਣਾ,
ਮਿੱਟੀ ਨਾਲ ਮੁਹੱਬਤ ਗੰਢਦਾ,
ਦਾਣਾ ਪੋਰ 'ਚ ਸੰਗੀਤ ਉਗਮਦਾ
ਤੇ ਉਗਮਣ ਲਈ ਕਾਹਲਾ ਪੈ ਜਾਂਦਾ।

ਕਣਕ ਪੋਰਨ ਦਾ ਕਾਰਜ ਪੂਰਾ ਹੁੰਦਾ
ਬਾਬਾ, ਸੌਖਾ ਹੋ ਜਾਂਦਾ।
ਅੰਬਰ ਵੱਲ ਅਰਜੋਈ ਕਰਦਾ
ਉੱਗਣ ਦਾਣੇ, ਕਮਲੇ ਵੀ ਹੋ ਜਾਣ ਸਿਆਣੇ
ਖੁਸ਼ੀ ਵਸਣ ਸਭ ਪਸ਼ੂ ਤੇ ਨਿਆਣੇ,
ਇੰਜ ਅਰਦਾਸ ਮੁਕੰਮਲ ਹੁੰਦੀ!!

## ਚੁੱਲ੍ਹਾ

ਭੁੱਖ ਦੇ ਅਹਿਸਾਸ ਨੇ
ਚੁੱਲ੍ਹੇ ਨੂੰ ਜਨਮ ਹੈ ਦਿੱਤਾ।

ਅੱਗ ਬਲੀ
ਕ੍ਰਿਸ਼ਮਾ ਹੋਇਆ,
ਲੱਕੜ ਨੇ ਕੁਰਬਾਨੀ ਕੀਤੀ
ਆਪਣਾ ਆਪ ਜਲਾਇਆ।

ਚੁੱਲ੍ਹਾ ਹੱਸਿਆ
ਤਵਾ ਤਪਿਆ
ਰੋਟੀ ਪੱਕੀ
ਬੰਦੇ ਆਪਣੀ
ਭੁੱਖ ਮਿਟਾਈ।
ਕਿਰਤੀ ਹੱਥਾਂ
ਸ਼ੁਕਰ ਮਨਾਇਆ।

ਬੰਦਾ ਅੱਗੇ-ਅੱਗੇ
ਭੱਜਣ ਲੱਗਾ।

ਫ਼ਸਲਾਂ ਉਪਜੀਆਂ
ਨਸਲਾਂ ਵਿਗਸੀਆਂ।
ਕਿਰਤ-ਹੁਨਰ ਨੂੰ ਸੋਝੀ ਆਈ।

ਚੁੱਲ੍ਹੇ ਆਪਣਾ ਰੂਪ ਵਟਾਇਆ
ਤੰਦੂਰ ਤਪੇਂਦੀ ਮਨ ਲਲਚਾਇਆ।

ਬੰਦਾ ਧੂੰਏਂ ਲੱਕੜ ਤੋਂ
ਕਾਣਤ ਲੱਗਿਆ
ਮਿੱਟੀ-ਤੇਲ ਦਾ
ਸਟੋਵ ਜਗਾਇਆ।

ਤੇਲ ਦੀ ਕਿੱਲਤ ਹੋਈ
ਬੰਦੇ ਨੇ ਫਿਰ
ਬਿਜਲੀਓਂ ਕੰਮ ਹੈ ਲਿੱਤਾ।

ਨਵੇਂ-ਨਵੇਂ ਹੀਟਰਾਂ, ਉਪਕਰਨਾਂ ਦੀ
ਮੰਡੀ ਲੱਗੀ,
ਗੈਸ ਚੁੱਲ੍ਹੇ ਦਾ ਯੁੱਗ ਫਿਰ ਆਇਆ

ਬਦਲ ਗਿਆ ਸਾਰਾ ਕੰਮ-ਕਾਰਾ
ਆਖ਼ਰ ਰੋਟੀ ਤਾਂ ਸਭਨਾਂ ਨੇ ਖਾਣੀ
ਚੁੱਲ੍ਹਾ ਭਾਵੇਂ ਕੋਈ ਹੋਵੇ।

•

## ਰੁਮਾਲ ਵਾਲੀ ਕੂੰਜੀ

ਛੋਟੇ ਜਿਹੇ ਰੰਗੀਨ ਰੁਮਾਲ ਨਾਲ
ਸੰਦੂਕ ਦੀ ਕੂੰਜੀ
ਬੰਨ੍ਹ ਰੱਖਦੀ ਸੀ ਮਾਂ,
ਸੰਦੂਕ ਖ਼ਜ਼ਾਨਾ ਸੀ ਘਰ ਦਾ।

ਸਾਂਭ-ਸਾਂਭ ਰੱਖਦੀ ਸੀ ਮਾਂ
ਰੁਮਾਲ ਨਾਲ ਬੰਨ੍ਹੀ ਕੂੰਜੀ
ਕਦੇ ਖੀਸੇ ਪਾ ਰੱਖਦੀ
ਨੇਫੇ 'ਚ ਸੁੱਡ ਲੈਂਦੀ ਕਦੇ
ਕਦੇ ਸਿਰਹਾਣੇ ਥੱਲੇ ਲਕੋ ਲੈਂਦੀ
ਕੋਈ ਡਰ ਨਾ ਹੁੰਦਾ ਚੋਰੀ ਦਾ।

ਲੌਕਰ ਹੀ ਸੀ ਸਾਡੇ ਲਈ
ਮਾਂ ਦਾ ਸੰਦੂਕ।

ਕਿੰਨਾ ਕੁਝ ਸੁਰੱਖਿਅਤ ਸੀ ਸੰਦੂਕ 'ਚ
ਖੇਸੀਆਂ, ਦਰੀਆਂ, ਦੋਲੇ, ਭਾਂਡੇ, ਗਹਿਣੇ,
ਚਾਂਦੀ ਦੇ ਸਿੱਕੇ, ਨੋਟ, ਖੰਮਣੀ ਬੰਨ੍ਹੇ ਤਿਓਰ
ਛਣਕਦੀਆਂ ਘੁੰਗਰੂਆਂ ਵਾਲੀਆਂ ਟੂੰਬਾਂ, ਪੱਖੀਆਂ
ਪਿਤਾ ਜੀ ਦੇ ਜ਼ਰੂਰੀ ਕਾਗਜ਼ਾਤ
ਤੇ ਹੋਰ ਬਹੁਤ ਕੁਝ।

ਸੋਚਦਾ ਹਾਂ :
ਹੁਣ ਕਿੰਨਾ ਅਸੁਰੱਖਿਅਤ ਹੋ ਗਿਆ ਹੈ
ਏ. ਟੀ. ਐਮ. ਤੇ ਲੌਕਰ 'ਚ ਰੱਖਿਆ ਸਰਮਾਇਆ
ਗਨਮੈਨ ਦੇ ਹੁੰਦਿਆਂ ਵੀ।

ਯਾਦ ਆਉਂਦੀ ਹੈ-
ਰੁਮਾਲ ਨਾਲ ਬੰਨ੍ਹੀ ਮਾਂ ਦੀ ਕੂੰਜੀ,
ਮਹਿਫ਼ੂਜ਼ ਸੀ ਜਿਸ ਸਦਕਾ
ਘਰ ਦਾ ਖ਼ਜ਼ਾਨਾ।

●

## ਤੰਗਲੀ

ਪ੍ਰਦੂਸ਼ਣ ਦੀ ਹੱਦ ਹੋ ਗਈ
ਜਲ ਵੀ ਗੰਧਲਾ
ਪੌਣੀਂ ਮਾਰੂ ਗੈਸਾਂ ਘੁਲੀਆਂ
ਸਾਹ ਲੈਣਾ ਵੀ ਔਖਾ ਹੋਇਆ
ਖਾਣ-ਵਸਤ ਕੋਈ ਸ਼ੁੱਧ ਮਿਲੇ ਨਾ
ਬੰਦਾ ਸੋਚੀਂ ਡੁੱਬਿਆ
ਜਾਵੇ ਤਾਂ ਹੁਣ ਕਿੱਥੇ ਜਾਵੇ।

ਧਰਤੀ ਮਾਤਾ ਪਲੀਤ ਹੋ ਗਈ
ਜੋ ਉਪਜੇ ਜ਼ਹਿਰੀਲਾ ਉਪਜੇ,
ਮਿਲਾਵਟਾਂ ਕਾਰਨ
ਦੁੱਧ, ਦਹੀਂ, ਪਨੀਰ, ਘਿਓ ਨੂੰ
ਖਾਣੇ ਤੋਂ ਹਰ ਕੋਈ ਡਰਦਾ
ਦਵਾਈਆਂ ਖ਼ੁਦ ਰੋਗੀ ਹੋਈਆਂ।

ਹੁਣ ਤਾਂ-
ਤੰਗਲੀ ਲੈ ਕੇ ਹੂੰਝਣਾ ਪੈਣਾ
ਕੂੜ-ਕਬਾੜਾ
ਵੱਖਰਾ ਕਰਨਾ ਪੈਣਾ
ਖਿੰਡਿਆ-ਪੁੰਡਿਆ ਕਚਰਾ
ਨਿਖਾਰਨੇ ਪੈਣੇ

ਕਣਕ ਦੇ ਦਾਣੇ
ਤੂੜੀ ਦੀ ਧੜ ਵਿੱਚੋਂ
ਫੜ ਕੇ ਤੰਗਲੀ ਹੱਥੀਂ।

ਸਖ਼ਤ ਕਾਨੂੰਨ ਦੀ ਤੰਗਲੀ
ਲਾਗੂ ਕਰਨੀ ਪੈਣੀ
ਮਹਾ-ਮਾਰੀ ਤੇ ਪ੍ਰਦੂਸ਼ਣ ਨੂੰ
ਠੱਲ੍ਹ ਪਾਉਣ ਲਈ।

●

# ਮਿੱਟੀ ਦਾ ਡਲਾ

ਭੂ-ਖੰਡ ਦਾ ਮੈਂ
ਨਿੱਕੜਾ ਜਿਹਾ ਰੂਪ ਹਾਂ,
ਮਿੱਟੀ ਦਾ ਗੁੰਦਿਆ
ਸਰੂਪ ਹਾਂ।

ਮੇਰੀ ਕਾਇਆ 'ਚ
ਖ਼ਾਮੋਸ਼ੀ ਸਮਾਈ ਹੈ,
ਮੇਰੀ ਕਾਇਆ 'ਚ
ਉਪਜਣ ਦੀ ਹੈ ਸ਼ਕਤੀ।

ਮੇਰੇ ਅੰਦਰ ਧਰਤ ਦਾ
ਕਰਤਾਰੀ ਵਜੂਦ ਹੈ ਹਾਜ਼ਰ।
ਮੇਰੇ ਅੰਦਰ ਕਿੰਨੇ ਹੀ
ਫੁੱਲਾਂ ਦੇ ਰੰਗ ਸੁੱਤੇ।
ਮੇਰੇ ਅੰਦਰ ਕਿੰਨੇ ਹੀ
ਬਿਰਖ਼ਾਂ ਦੇ ਰੂਪ ਵਿਗੁੱਤੇ।
ਮੇਰੇ ਅੰਦਰ ਫ਼ਸਲਾਂ ਦੀ
ਕਤਾਰ ਸੁੱਤੀ
ਤੇ ਦਾਣਿਆਂ ਦੇ ਬੋਹਲ ਸੁੱਚੇ।

ਕਿਰਤੀ ਹੱਥਾਂ ਦੀ ਛੋਹ ਸਦਕਾ
ਮੇਰੀ ਹੋਂਦ ਵਿਗਸਣ ਦੀ ਜੂਨ ਭੋਗੇ।
ਮੇਰਾ ਰੂਪ ਖਿੜਨ-ਰੁੱਤਾਂ ਨੂੰ ਜਨਮ ਦੇਵੇ।

ਮੇਰੀ ਬਿਰਤੀ ਮਨੁੱਖ ਦਾ ਭਲਾ ਮੰਗੇ
ਤੇ ਰੋਟੀ ਦਾ ਹਲ ਲੋੜੇ।

ਧੁੱਪਾਂ ਤੇ ਪਾਣੀਆਂ ਨਾਲ
ਮੇਰੀ ਦੋਸਤੀ ਗੂੜ੍ਹੀ।

ਮੈਂ ਖੇਤਾਂ ਦਾ ਦਿਲ
ਧਰਤੀ-ਮਾਂ ਨੂੰ ਪਿਆਰਾ।
ਸੋਕਾ ਹੰਢਾ ਕੇ ਵੀ ਹੱਸਾਂ
ਤੇ ਪਾਣੀ 'ਚ ਖੁਰ ਜਾਵਾਂ!!

●

## ਵਹੀਆਂ ਕਿੱਥੇ ਗਈਆਂ ?

ਕਿੱਥੇ ਗਈਆਂ-
ਵਹੀਆਂ ਖਾਤੇ ਵਾਲੀਆਂ
ਨਿਉਤਾ ਦੇਣ ਵੇਲੇ ਜਿਹੜੀਆਂ
ਆ ਬੈਠ ਦੀਆਂ ਸਨ
ਨਿਉਂਦੇ ਵਾਲੇ ਘਰ।

ਖੁਲ੍ਹਾ ਜਿਹਾ ਦਲ੍ਹਾਨ
ਜਿੱਥੇ ਜੁੜ ਬਹਿੰਦਾ
ਪਿੰਡ ਦਾ ਭਾਈਚਾਰਾ,
ਬੀਬੇ ਬੰਦੇ ਦਾ ਸ਼ਰੀਕਾ
ਬਜ਼ੁਰਗ ਸਿਆਣੇ ਮਿਲ ਕੇ
ਕਰਦੇ ਸੀ ਲੇਖਾ-ਜੋਖਾ
ਆਪਣੇ ਵਰਤ-ਵਿਹਾਰ ਦਾ।

ਲਾਲ ਜਿਲਦ ਵਾਲੀ ਵਹੀ
ਚਿੱਟੇ ਧਾਗੇ ਨਾਲ ਲਪੇਟੀ
ਖੁਲ੍ਹਦੀ ਸੀ ਵਾਕ ਲੈਣ ਵਾਂਗ
ਤੇ ਲੈਣ-ਦੇਣ ਦੀ ਗੱਲਬਾਤ
ਸ਼ੁਰੂ ਹੁੰਦੀ,
ਲਿਖਣ ਵਾਲਾ ਬੋਲ ਕੇ ਲਿਖਦਾ
ਕਿੰਨਾ ਵਾਧਾ, ਪੁੰਨ, ਧਰਮ-ਹੇਤ

ਜਾਂ ਸਾਂਵਾਂ, ਚੂਲੀ ਛੱਡਿਆ,
ਸਾਰਾ ਕੁਝ ਅੰਬਰ ਥੱਲੇ
ਕਲਮ ਲਿਖਦੀ,
ਪਿੰਡ ਇੱਕ ਚਾਦਰ ਬਣਿਆ ਲੱਗਦਾ।
ਮੋਹ-ਮੁਹੱਬਤ ਤੇ ਸ਼ਿਕਵੇ
ਇੱਕ ਥਾਲ 'ਚ ਨਜ਼ਰੀਂ ਆਉਂਦੇ।

ਹੁਣ ਤਾਂ-
ਘਰ ਮਹਿਲ ਬਣ ਗਏ ਹਨ,
ਰਕਮਾਂ ਸ਼ਗਨਾਂ ਦੇ ਲਫ਼ਾਫ਼ਿਆਂ 'ਚ
ਗੁੰਮ-ਸੁੰਮ।
ਮੁਹੱਬਤੀ-ਸ਼ਬਦਾਂ ਦੀ ਉਡੀਕ ਕੌਣ ਕਰਦਾ?
ਪਹੁੰਚਣ ਨਾਲੋਂ, ਮੁੜਨ ਦਾ ਫ਼ਿਕਰ ਟਿਕਣ ਨਹੀਂ ਦਿੰਦਾ।

ਲਾਲ-ਰੰਗ ਦੀਆਂ ਪੁਸ਼ਤੈਨੀ ਵਹੀਆਂ
ਘਰਾਂ 'ਚੋਂ ਚਿੜੀਆਂ ਵਾਂਗ
ਉਡ-ਪੁੱਡ ਗਈਆਂ ਹਨ
ਘਰਾਂ ਦੇ ਸਿਰਨਾਵੇਂ ਲੱਭਦੀਆਂ।
ਮੈਰਿਜ ਪੈਲਸਾਂ ਨੇ
ਘਰ ਗੁਆਚ ਦਿੱਤੇ ਹਨ।

●

# ਸ਼ੁਗਲਬੰਦੀ

ਪਿੰਡ ਦੀ ਗਲੀ 'ਚ
ਮੰਜੇ 'ਤੇ ਬੈਠੀਆਂ ਸੁਆਣੀਆਂ
ਗੱਲਾਂ ਵਿੱਚ ਰੁੱਝੀਆਂ
ਇੱਕ ਬੋਲੀ : ਮੈਂ ਤਾਂ ਟੀ. ਵੀ. ਵਾਲਾ
ਸ਼ੈਂਪੂ ਖਰੀਦਣਾ।
ਦੂਜੀ ਬੋਲੀ : ਗਰਮ ਮਸਾਲੇ ਐਮ. ਡੀ.
ਵਾਲੇ ਚੰਗੇ।
ਤੀਜੀ ਬੋਲੀ : ਕੰਪਨੀ ਨੇ ਚਾਦਰਾਂ
ਸਸਤੀਆਂ ਕੀਤੀਆਂ ਸੈੱਟ ਵਾਲੀਆਂ
ਚੌਥੀ ਬੋਲੀ : ਫੀਚਰ ਤੱਕਦੀ ਦਾ
ਦੁੱਧ ਉਬਲ ਗਿਆ।
ਪੰਜਵੀਂ ਬੋਲੀ : ਕੱਛੀਆਂ ਪਾਉਣ ਵਾਲੀਆਂ ਨੂੰ
ਸ਼ਰਮ ਰਹੀ ਨਾ।
ਛੇਵੀਂ ਬੋਲੀ : ਬੱਚੇ ਜੰਮਣ ਦਾ
ਕੰਮ ਹੀ ਮੁੱਕਿਆ।
ਸੱਤਵੀਂ ਬੋਲੀ : ਜਦ 'ਉਹ' ਆਇਆ
ਮੈਂ ਤਾਂ ਟੀ. ਵੀ. ਬੰਦ ਹੀ ਕਰਤਾ।
ਹੱਸ-ਹੱਸ ਦੂਰੀਆਂ ਹੋਈ ਜਾਵਣ
ਬੱਚਿਆਂ ਨੂੰ ਖਾਣਾ ਦੇਣਾ ਭੁੱਲਿਆ।
ਗਲੀ 'ਚੋਂ ਨੀਵੀਂ ਪਾ ਕੇ
ਲੰਘ ਗਿਆ ਬਾਬਾ ਬਖ਼ਤੌਰਾ।

# ਡੂੰਘਾ ਪਾਣੀ, ਡੂੰਘਾ ਚਿੰਤਨ

ਜਿੰਨਾ ਡੂੰਘਾ ਖੂਹ ਦਾ ਪਾਣੀ
ਉਤਨੀ ਲੰਮੀ ਲੱਜ ਹੁੰਦੀ ਹੈ,
ਡੋਲ ਭਰਾ ਕੇ ਪਾਣੀ
ਨਾਲ ਮੁਸ਼ੱਕਤ ਪੀਣਾ ਪੈਂਦਾ।

ਡੂੰਘੇ ਖੂਹ ਦਾ ਪਾਣੀ
ਠੰਢਾ ਹੁੰਦਾ, ਨਿਰਮਲ ਹੁੰਦਾ,
ਖੂਹ ਦੀ ਮੌਣ 'ਤੇ ਬੈਠਾ
ਇੱਕ ਸਿਆਣਾ ਆਖਣ ਲੱਗਾ।

ਦੂਜਾ ਬੋਲਿਆ :
ਪਾਣੀ ਤੇ ਬੋਲਾਂ ਦੀ
ਸਾਂਝ ਹੈ ਗੂੜ੍ਹੀ,
ਸਿਆਣੇ ਬੋਲਾਂ ਦੇ
ਅਰਥ ਵੀ ਡੂੰਘੇ।

ਤਦੇ ਕਹਿਣ ਸਿਆਣੇ
ਬੋਲਣ ਤੋਂ ਪਹਿਲਾਂ
ਬੋਲਾਂ ਨੂੰ ਤੋਲੋ।

ਬੋਲਣ ਦੀ ਸ਼ਕਤੀ ਵਿੱਚ ਚਿੰਤਨ ਹੁੰਦਾ,
ਚਿੰਤਨ ਹੀ ਜੀਵਨ ਬਦਲਦਾ
ਤੇ ਪਾਣੀ ਹੈ ਜਾਨ ਬਖ਼ਸ਼ਦਾ।
ਪਾਣੀ ਤੇ ਬੋਲਾਂ ਬਿਨ
ਬੰਦਾ ਜੀਅ ਨਹੀਂ ਸਕਦਾ।

# ਸਰਗ ਤੀਜਾ

## ਨਿੱਕੀਆਂ ਕਵਿਤਾਵਾਂ ਵਰਤਮਾਨ ਨਾਲ ਗੱਲਾਂ

ਟੁੱਟੇ ਪੁਲ ਤੋਂ ਪੁੱਛਿਆ
ਇਹ ਕੀ ਸਮੇਂ ਦੀ ਚਾਲ,
ਅਖਲਾਕ ਪਾਣੀ 'ਚ ਰੁੜ੍ਹ ਗਿਆ
ਇਹੋ ਹੋਣਾ ਸੀ ਹਾਲ।

## ਛਿਲਕਾ

ਛਿਲਕਾ ਸੁੱਟਣ ਤੋਂ
ਪਹਿਲਾਂ
ਇਹ ਸੋਚ ਲੈਣਾ
ਚੰਗਾ ਹੈ,
ਕਿ ਛਿਲਕੇ ਨੇ
ਆਪਣੇ ਰਾਹੀਂ
ਫਲ ਦੀ ਸਮੁੱਚੀ
ਹੋਂਦ ਨੂੰ ਆਪਣੇ ਅੰਦਰ
ਸਾਂਭਿਆ ਹੁੰਦੈ।

ਪਰ-ਉਪਕਾਰ ਕੀਤੇ ਨੂੰ
ਛਿਲਕਾ ਸਮਝ ਕੇ
ਨਿਕਾਰ ਦੇਣਾ
ਮਨੁੱਖੀ-ਗੁਣ ਲਈ
ਵਾਜਬ ਨਹੀਂ ਹੁੰਦਾ।

●

## ਕਾਰਬਨ-ਪੇਪਰ

ਉੱਪਰ ਲਿਖੇ ਕਾਗਜ਼ 'ਤੇ
ਸਭੋ ਕੁਝ
ਉਤਾਰ ਦੇਂਦਾ ਹੈ
ਹੇਠਲੇ ਕਾਗਜ਼ 'ਤੇ
ਕਾਰਬਨ-ਪੇਪਰ।

ਵਫ਼ਾਦਾਰੀ ਨਿਭਾਉਂਦਾ
ਸੁਹਿਰਦਤਾ ਜਤਾਉਂਦਾ
ਕਾਰਬਨ-ਪੇਪਰ।

ਮੁਹੱਬਤ ਦੇ ਅੱਖਰ
ਦੋਵੇਂ ਦਿਲਾਂ 'ਤੇ
ਉੱਕਰੇ ਜਾਣ ਜੇਕਰ
ਕਾਰਬਨ ਵਾਂਗੂ
ਫਿਰ ਸ਼ਿਕਵਾ ਕਿਉਂ ਕਰੇ ਕੋਈ?

●

## ਧੁੱਪ ਨਾਲ ਗੱਲਾਂ

ਕਮਰੇ ਵਿੱਚ ਬਲਬ
ਬਲ ਰਿਹਾ ਸੀ
ਪਤਨੀ ਬੈਠੀ ਪੜ੍ਹ ਰਹੀ ਸੀ
ਚਾਨਣ ਥੋੜ੍ਹਾ ਘੱਟ ਲੱਗ ਰਿਹਾ ਸੀ।

ਜਦ ਉਹ ਆਇਆ
ਤਾਂ ਉਸ ਨੇ ਖਿੜਕੀ ਵਾਲਾ ਪਰਦਾ
ਪਰ੍ਹੇ ਨੂੰ ਕੀਤਾ
ਤਾਂ ਜੋ ਚਾਨਣ ਹੋਰ ਹੋ ਜਾਵੇ।

ਪਰ ਉਹ ਤਰੌਂਕੀ
ਪਰਦਾ ਕਿਉਂ ਹਟਾਇਆ ?
ਬੁੜ-ਬੁੜ ਹੋਈ।

ਉਹ ਵਿਹੜੇ ਜਾ
ਚੁੱਪ-ਚੁਪੀਤੇ
ਧੁੱਪ ਨਾਲ ਗੱਲਾਂ
ਕਰਨ ਲੱਗਿਆ।

ਧੁੱਪ ਹਸੀ
ਤੇ ਵਿਹੜਾ ਖਿੜਿਆ।

## ਕੜਛੀ

ਕੜਛੀ ਵੰਡਣ ਦਾ ਪ੍ਰਤੀਕ
ਜਿਸ ਵਸਤ 'ਚ ਪਾਓ
ਉਸ ਨੂੰ ਵੰਡ ਦਿੰਦੀ।

ਜੋ ਮੰਗਣ ਆਉਂਦਾ
ਉਸ ਦੁਆਰ 'ਤੇ ਡੁਲ੍ਹ ਜਾਂਦੀ
ਆਪਾ ਕੁਰਬਾਨ ਕਰਦੀ
ਖਾਲੀ ਹੋ ਜਾਂਦੀ
ਦੂਜਿਆਂ ਨੂੰ ਰਜਾਉਂਦੀ

ਖਾਲੀ ਹੋਇਆਂ ਵੀ ਹੱਸਦੀ
ਭਰੀ ਹੋਈ ਸਬਰ ਸਿੱਖਿਆ ਦੇਂਦੀ
ਜਿਸ ਦੇ ਵੀ ਹੱਥ ਹੁੰਦੀ
ਵੰਡਣਾ ਦੀ ਸਿੱਖਿਆ ਦੇਂਦੀ
ਤਿਆਗ ਸਿਖਾਉਂਦੀ
ਸਮਾਨਤਾ ਬਣ ਵਿਚਰਦੀ।

ਭਰੀ ਹੋਈ ਚੁੱਪ ਹੁੰਦੀ
ਖਾਲੀ ਹੋਇਆਂ ਹੱਸਦੀ।
ਬੰਦਿਆ ਵੰਡ ਛਕਣ ਦੇ
ਸੰਦੇਸ਼ ਨੂੰ ਨਾ ਭੁੱਲ
ਮੈਂ ਤਾਂ ਵੰਡਣ ਦਾ ਪ੍ਰਤੀਕ ਹਾਂ।

## ਚਾਨਣ ਦੀ ਅਰਦਾਸ

ਮਾਂ ਜਦੋਂ ਆਥਣੀ
ਸਹਿਜ ਹੋ
ਦੀਵਾ ਜਗਾਉਂਦੀ
ਤਾਂ ਯਾਦ ਕਰਦੀ
ਦੀਵਾ ਬਣਾਉਣ ਵਾਲੇ 'ਕੁੰਮੇ' ਨੂੰ
ਰੂੰ ਪਿੰਜਣ ਵਾਲੇ 'ਧੀਰੇ' ਨੂੰ
ਤੇਲੀ 'ਰਹੀਮੂ' ਨੂੰ
ਅਰਦਾਸ ਕਰਦੀ :
ਸੁਖੀ ਰਹਿਣ ਮੇਰੇ ਪਿੰਡ ਦੇ
ਜੰਮੇ-ਜਾਏ ਕਿਰਤੀ
ਨੱਗਰ-ਖੇੜਾ ਵੱਸੇ।

ਦੀਵੇ ਦੇ ਚਾਨਣ ਨਾਲ
ਕਿੰਨਾ ਕੁਝ ਯਾਦ ਆਉਂਦਾ
ਘਰ ਹੱਸਣ ਲੱਗਦਾ।

ਪਰ ਹੁਣ-
ਦਾਦੀ-ਮਾਂ ਦੀ ਨੂੰਹ
ਬਿਜਲੀ ਦਾ ਬਲਬ ਬਾਲਦੀ
ਢਿੱਲ ਨਾ ਲਾਉਂਦੀ
ਨੁਕਸ ਕੱਢਦੀ
ਮੋਇਆ ਚਾਨਣ ਨਹੀਂ ਪੂਰਾ
ਘਰ ਚੁੱਪ ਹੋ ਜਾਂਦਾ।

# ਐਨਕ

ਐਨਕ ਲਾਇਆਂ
ਸਭ ਕੁਝ ਦਿੱਸਣ ਵਾਲਾ
ਸਾਫ਼, ਸਪਸ਼ਟ ਨਜ਼ਰ ਪੈ ਜਾਵੇ।

ਅੱਖੀਆਂ ਸਹਿਜ-ਸਹਿਜ ਹੋ ਜਾਵਣ
ਦੁਨੀਆਂ ਚੰਗੀ-ਚੰਗੀ ਲੱਗੇ
ਅੰਦਰ ਖਿੜਿਆ ਜਾਪੇ।

ਆ ਆਪਾਂ ਵੀ ਦੋਵੇਂ
ਇੱਕ-ਦੂਜੇ ਨੂੰ ਇੰਝ ਤੱਕੀਏ
ਕੋਈ ਭੁਲੇਖਾ, ਝੌਲਾ, ਸ਼ਿਕਵਾ
ਰੋਣਾ, ਧੁੰਦ ਰਹੇ ਨਾ।

ਅੰਦਰੋਂ ਬਾਹਰੋਂ
ਸੁਹਿਰਦ ਹੋਵੀਏ,
ਤੱਕਣੀ ਇੱਕ-ਮਿੱਕ ਹੋਏ ਅਦੁੱਤੀ
ਐਨਕ ਦੇ ਦੋ ਸ਼ੀਸ਼ਿਆਂ ਵਾਂਗੂ।

•

# ਬੱਦਲ ਦਾ ਖੰਭ

ਬੱਦਲ ਦਾ ਖੰਭ
ਧਰਤੀ 'ਤੇ ਡਿੱਗਿਆ
ਰਤਾ ਖੜਾਕ ਨਾ ਹੋਇਆ।

"ਗਰਜਣਾ ਛੱਡਿਆ
ਵਰ੍ਹਨਾ ਸਿੱਖਿਆ
ਐ ਧਰਤੀ ਮਾਏ।"
ਜਨਮ-ਜਨਮ ਤੋਂ
ਸੂਰਜ ਦੀ ਸੰਸਥਾ
ਹੈ ਕਹਿੰਦੀ :
ਗਿੱਲੀ ਮਿੱਟੀ ਦੇ
ਉਪਜਣ ਖ਼ਾਤਰ
ਤੂੰ ਵੀ ਸਾਥ ਨਿਭਾਈਂ
ਐਵੇਂ ਨਾ ਤੁਰ ਜਾਈਂ
ਸੁਣ ਕੇ ਬੱਦਲਾ
ਧਰਤੀ ਨੂੰ
ਜਾ ਗਲਵਕੜੀ ਪਾਈ।
ਖੰਭ ਤੇ ਮਿੱਟੀ
ਦੋਵੇਂ ਭਿੱਜ ਗਏ
ਰੁੱਤ ਮਹਿਕਣ ਦੀ ਆਈ।

# ਧੁੱਪ ਤੇ ਬੱਚਾ

ਧੁੱਪ ਦੀ ਚਿੱਪਰ
ਫੜ ਕੇ ਬੱਚਾ
ਖੇਡਣ ਲੱਗਿਆ।

ਕੋਰੇ ਹੱਥਾਂ ਦੀ
ਕੋਮਲਤਾ ਸੰਗ
ਧੁੱਪ ਦਾ ਪਿੰਡਾ ਠਰਿਆ
ਸੋਚੀਂ ਡੁੱਬਿਆ-

ਬੱਚੇ ਦੀ ਹਾਸੀ ਵਿੱਚ
ਤੱਕ ਕੇ ਸਤ ਸਮੁੰਦਰ
ਧੁੱਪ ਪਿੰਘਲੀ
ਹੋ ਗਈ ਪਾਣੀ-ਪਾਣੀ!!

●

## ਪ੍ਰਛਾਵਾਂ

ਅੰਬਰੀਂ ਉੱਡਦਾ ਪੰਛੀ
ਆਪਣਾ ਪ੍ਰਛਾਵਾਂ ਨਹੀਂ ਤੱਕਦਾ
ਉਸ ਦੀ ਨਿਗਾਹ
ਅਗਾਂਹ ਉੱਡਣ ਵੱਲ ਹੁੰਦੀ ਹੈ

ਤੂੰ ਆਪਣਾ ਪੰਧ ਕਰਨ ਲਈ
ਪਿਛਾਂਹ ਦੀਆਂ ਪੈੜਾਂ ਤੱਕਦਾ ਰਹਿੰਦਾ
ਅਗਾਂਹ ਤੁਰਨ ਵਾਲੇ
ਆਪਣੇ ਪਿੱਛੇ ਪ੍ਰਛਾਵੇਂ ਨਹੀਂ ਵਿਹੰਦੇ
ਮੰਜ਼ਿਲ ਪ੍ਰਾਪਤ ਕਰਨ ਲਈ
ਗਤੀ ਹੀ ਸ਼ਕਤੀ ਹੁੰਦੀ ਹੈ
ਪ੍ਰਛਾਵਾਂ ਨਹੀਂ!!

•

## ਵੰਨ-ਸੁਵੰਨਤਾ

ਤਿਤਲੀ ਉੱਡਦੀ-ਉੱਡਦੀ
ਖਿੜੇ ਫੁੱਲਾਂ 'ਤੇ ਆ ਬੈਠੀ
ਵੱਖ-ਵੱਖ ਫੁੱਲਾਂ ਦਾ ਰਸ ਮਾਣਦੀ
ਫਰ-ਫਰ ਕਰ ਕੇ ਥਾਂ ਬਦਲਦੀ
ਵੰਨ-ਸੁਵੰਨੇ ਫੁੱਲਾਂ ਦਾ ਜਸ ਗਾਉਂਦੀ
ਫੁੱਲ ਹੱਸਦੇ-ਹੱਸਦੇ ਲੱਗਦੇ।

ਪੌਣਾਂ 'ਚ ਖੰਭ ਖੋਲ੍ਹਦੀ
ਫੁੱਲਾਂ ਨੂੰ ਕਹਿਣ ਲੱਗੀ
ਏਦਾਂ ਹੀ ਖਿੜਦੇ ਰਹਿਣਾ
ਕੱਲ੍ਹ ਨੂੰ ਮੈਂ ਫੇਰ ਆਵਾਂਗੀ!!

●

## ਝਾਮਾ

ਕਿਰਤੀ ਨੇ
ਆਪਣੇ ਹੱਥੀਂ
ਮਿੱਟੀ ਗੁੰਨ੍ਹ-ਗੁੰਨ੍ਹ
ਭੱਠੀ ਤਪਾਇਆ
ਗੇਰੂ ਰੰਗਾ ਝਾਮਾ ਬਣਿਆ,
ਖੰਘਰ ਅਖਵਾਇਆ
'ਬੁੱਲ੍ਹਾ' ਚੇਤੇ ਆਇਆ।

ਪੈਰਾਂ ਦੀ ਮੈਲ ਉਤਾਰਨ ਖ਼ਾਤਰ
ਬੰਦਾ ਇਸ ਨਾਲ ਅੱਡੀਆਂ ਰਗੜੇ
ਸਵੱਛ ਹੋਣ ਦੀ ਖ਼ੁਸ਼ੀ ਮਨਾਵੇ।

ਭਲਿਆ-
ਤਨ ਦੀ ਮੈਲ ਉਤਾਰੇ ਝਾਮਾ,
ਮਨ ਦੀ ਮੈਲ ਕਿੰਝ ਉਤਰੇਗੀ?

●

# ਪਿੰਡ ਦੀ ਉਦਾਸੀ

ਪੱਧਰੇ ਸੰਵਾਰੇ ਖੇਤ ਵਿੱਚ
ਕਣਕ ਦੇ ਦਾਣੇ ਨੇ
ਮੂੰਹ ਖੋਲ੍ਹਿਆ,
ਤੇ ਮਿੱਟੀ 'ਤੇ ਸਾਵੀ ਲਿਖਤ
ਬਣ ਗਈ।
ਸੂਰਜ ਹੱਸਿਆ।

"ਬਾਪੂ, ਕਣਕ ਜੰਮ ਪਈ
ਸਾਡੇ ਖੇਤੀਂ।"
ਬੱਚੇ ਤੋਂ ਖੁਸ਼ੀ ਸਾਂਭੀ ਨਾ ਗਈ।

ਮਾਂ ਨੇ ਸੁਣ
ਦੁਆ ਕੀਤੀ
ਰੱਬ ਖ਼ੈਰ ਕਰੇ।

ਕਣਕ ਪੱਕਦੀ-ਪੱਕਦੀ
ਕਰਜ਼ਈ ਹੋ ਗਈ।
ਅੰਨਦਾਤੇ ਦੀ ਖੁਦਕੁਸ਼ੀ ਸੁਣ
ਪਿੰਡ ਉਦਾਸੀ 'ਚ
ਡੁੱਬ ਗਿਆ।

## ਠੀਕਰ

ਠੀਕਰ-
ਮਿੱਟੀ ਦੇ ਭਾਂਡੇ ਦੀ
ਦੇਹੀ ਦਾ ਇੱਕ ਹਿੱਸਾ।

ਭਾਂਡੇ ਨਾਲੋਂ ਅੱਡ ਹੈ ਹੋਇਆ
ਆਪਣੀ ਹੋਂਦ ਗਵਾਚੀ ਲੱਭਦਾ ਫਿਰਦਾ
ਜੋ ਮਿਲਦਾ ਠੋਕਰ ਹੀ ਦੇਂਦਾ
ਤਿੜਕੀ ਕਾਇਆ ਦਾ
ਦੁੱਖ ਨਹੀਂ ਪੁੱਛਦਾ।

ਸਾਬਤ ਸਬੂਤੇ ਦਾ
ਹਰ ਕੋਈ ਗਾਹਕ
ਟੁੱਟੇ, ਭੱਜੇ, ਖਾਲੀ ਨੂੰ
ਕੌਣ ਹੈ ਪੁੱਛਦਾ?

ਠੀਕਰ ਪਿਆ ਚੁਰਾਹੇ ਉੱਤੇ
ਆਪਣੀ ਹੋਣੀ ਨੂੰ ਪਿਆ ਕੋਸੇ
ਹੌਕੇ ਭਰਦਾ।

ਲੰਘਣ ਵਾਲੇ ਲੰਘ ਜਾਂਦੇ ਨੇ
ਪੈਰਾਂ ਹੇਠ ਲਿਤਾੜ ਕੇ ਆਖ਼ਰ।

ਘੜਨਵਾਲੇ ਹੱਥਾਂ ਨੂੰ
ਕੌਣ ਹੈ ਚੇਤੇ ਕਰਦਾ?

ਠੀਕਰ ਵਿੱਚ-
ਘੀਆ-ਕੁਆਰ ਤਾਂ ਲੱਗ ਸਕਦਾ ਹੈ
ਦੂਰ ਖੜੋਤੀ ਸੁਆਣੀ ਸੋਚੇ।

●

## ਲੱਕੜ ਦੀ ਗੇਲੀ

ਆਰਾ ਬਹੁਤ ਤੇਜ਼ੀ ਨਾਲ
ਚੱਲ ਰਿਹਾ ਸੀ
ਮਾਲਕ ਨੇ ਮਜ਼ਦੂਰ ਨੂੰ ਕਿਹਾ
ਛੇਤੀ ਕਰ ਗੇਲੀ ਚੁੱਕ
ਇਸ 'ਚੋਂ ਦਰਵਾਜ਼ਿਆਂ ਦੀਆਂ
ਚੁਗਾਠਾਂ ਚੀਰਨੀਆਂ ਨੇ।

ਪਲਾਂ 'ਚ
ਗੇਲੀ ਆਰੇ ਦੇ ਦੰਦਿਆਂ ਨਾਲ
ਚੁਗਾਠਾਂ 'ਚ ਤਬਦੀਲ ਹੋ ਗਈ।

ਦੂਰ ਖੜੋਤੇ
ਬੱਚੇ ਦੀਆਂ ਅੱਖਾਂ 'ਚੋਂ
ਅੱਥਰੂ ਕਿਰ ਪਏ।

ਵਿਹੜੇ 'ਚੋਂ ਪੁੱਟੀ ਨਿੰਮ
ਉਸ ਨੂੰ ਯਾਦ ਆਈ
ਉਹ ਵੀ ਕਿਸੇ ਦਿਨ
ਇੰਜ ਹੀ ਚੀਰੀ ਜਾਵੇਗੀ
ਗੇਲੀ ਵਾਂਗ
ਉਹ ਸੋਚਣ ਲੱਗਾ।

# ਕਰੌਕਰੀ ਉਦਾਸ ਹੈ

ਕਿਚਨ 'ਚ ਰੁਝੀ ਮਾਤਾ ਸੋਚੇ
ਕੀ ਬਣਾਵਾਂ ਪੁੱਤਰ ਦੇ ਲਈ
ਜੋ ਖੁਸ਼ੀ-ਖੁਸ਼ੀ ਮੇਰੇ ਹੱਥੀਂ
ਤਾਜ਼ੀਆਂ ਬਣਾਈਆਂ ਚੀਜ਼ਾਂ ਖਾਵੇ।

ਪਰ ਪੁੱਤਰ ਨੇ ਖਾਣੇ ਖ਼ਾਤਰ
ਆਨ-ਲਾਈਨ ਆਰਡਰ ਰਾਹੀਂ
ਪੀਜ਼ਾ, ਬਰਗਰ, ਚਿਕਨ ਮੰਗਾ ਕੇ
ਕਾਗਜ਼ੀ ਪਲੇਟਾਂ ਦੇ ਵਿੱਚ ਖਾਇਆ।

ਪਰ ਮੇਜ਼ 'ਤੇ ਮਾਤਾ
ਕੀਮਤੀ-ਕਰੌਕਰੀ ਰਹੀ ਸਜਾਉਂਦੀ
ਉਡੀਕੇ ਪੁੱਤਰ ਤਾਈਂ

ਆਖ਼ਰ ਹਟਕੋਰਾ ਭਰ ਕੇ ਮਾਂ ਨੇ
ਪੁੱਤਰ ਵੱਲ ਤੱਕਿਆ।

ਮੇਜ਼ 'ਤੇ ਉਦਾਸ ਕਰੌਕਰੀ, ਤਿੜਕੀ ਲੱਗੇ,
ਤੇ ਘਰ 'ਚੋਂ
ਕੋਈ ਰਿਸ਼ਤਾ ਗੁੰਮ ਗਿਆ ਲੱਗੇ।

# ਸੂਈ ਦਾ ਨੱਕਾ

ਸੂਈ ਛੋਟੀ ਹੋਵੇ ਜਾਂ ਵੱਡੀ
ਮੂਹਰਿਓਂ ਤਿੱਖੀ, ਸਿਰੇ 'ਤੇ ਨੱਕਾ
ਕੰਮ ਕਰੇ ਜੋੜਨ ਦਾ ਵੱਡਾ।
ਵਸਤਰ ਸਿਊਂਦੀ
ਧਾਗੇ ਨਾਲ ਦੋਸਤੀ ਗੰਢਦੀ।

ਬੁੱਢੀ ਮਾਂ-
ਗੰਢਦੀ ਇਸ ਨਾਲ ਸਾਡੇ ਖ਼ਾਤਰ
ਨਵੇਂ ਬਛੌਣੇ, ਲੇਫ਼, ਰਜਾਈਆਂ,
ਕਦੇ ਉਧੜਿਆ ਝੱਗਾ ਮੇਰਾ ਸਿਊਂਦੀ,
ਕਦੇ ਟੁੱਟੇ ਬਟਨ ਲਗਾਉਂਦੀ
ਗੁੱਸੇ ਹੋਣੋਂ ਵੀ ਮੁਸਕਾਉਂਦੀ।

ਨੀਝ ਲਗਾ ਕੇ ਧਾਗਾ ਪਾਉਂਦੀ
ਨੱਕੇ ਨੂੰ ਕਰ ਚਾਨਣ ਅੱਗੇ।

ਧਾਗਾ, ਨੱਕਾ, ਸੂਈ, ਚਾਨਣ
ਤੇ ਮਾਂ ਦੀਆਂ ਉਂਗਲਾਂ
ਇੱਕ-ਮਿੱਕ ਹੋਈਆਂ ਲੱਗਦੀਆਂ
ਨੱਕਾ ਮੈਨੂੰ ਹੱਸਦਾ ਲੱਗਦਾ।
ਮਾਂ ਦੀ ਯਾਦ ਪਿਆਰੀ ਲੱਗਦੀ।

## ਥਰਮਸ

ਸਰਦੀ ਦੀ ਰੁੱਤ ਸੀ
ਇੱਕ-ਦੂਜੇ ਨੂੰ ਪਿਆਰ ਕਰਨ ਵਾਲੇ
ਸਬੱਬੀਂ ਮਿਲੇ,

ਮੁਹੱਬਤੀ ਗੱਲਾਂ ਹੋਣ ਲੱਗੀਆਂ
ਪਿਆਰ ਨਾਲ ਉਸ ਨੇ
ਆਪਣੀ ਸਖੀ ਦੇ ਹੱਥ ਘੁੱਟੇ।

"ਕਿੰਨੇ ਠੰਢੇ ਹੱਥ ਨੇ"
ਉਹ ਬੋਲੀ।

"ਦਿਲ ਤਾਂ ਥਰਮਸ 'ਚ ਪਾਏ
ਦੁੱਧ ਵਾਂਗ ਗਰਮ ਐਂ।"

ਉੱਤਰ ਸੁਣ,
ਉਸ ਗਲਵਕੜੀ ਪਾ ਲਈ।

●

## ਵਰਤਾਰਾ

ਸੜਕ ਚੌੜੀ ਹੋ ਰਹੀ,
ਮਕਾਨ ਢੱਠੇ ਜਾ ਰਹੇ।

ਦਹਿਲ ਕੇ
ਦੂਰ ਖੜ੍ਹੀ ਕੰਨਿਆ ਇੱਕ
ਘਰ ਆਪਣੇ ਨੂੰ ਤੱਕਦੀ :
"ਕਿੱਥੇ ਜਾਵਾਂਗੇ ਅਸੀਂ"

................................

ਬਿਰਖ਼ਾਂ ਨੂੰ ਪੁੱਟਿਆ ਜਾ ਰਿਹਾ
ਧਰਤ ਉਥਲ-ਪੁਥਲ ਹੋ ਰਹੀ
ਮਸ਼ੀਨਾਂ ਦੀ ਖੜ-ਖੜ ਹੋ ਰਹੀ

ਖ਼ੌਫ਼ ਨਾਲ-
ਉੱਡ ਗਏ ਪੰਛੀ ਕਿਤੇ
ਆਲ੍ਹਣਿਆਂ ਨੂੰ ਛੱਡ ਕੇ,

ਇਕ ਪੰਛੀ ਅਜੇ ਵੀ
ਹਾਜ਼ਰੀ ਹੈ ਭਰ ਰਿਹਾ
ਕੰਨਿਆ ਉਸ ਨੂੰ ਤੱਕ ਰਹੀ।

## ਤੌਲੀਆ

ਇਹ ਤੌਲੀਆ ਭੂਰੇ ਰੰਗਾ
ਮੇਰੇ ਨੰਗੇ ਪਿੰਡੇ ਦਾ
ਚਸ਼ਮਦੀਦ ਗੁਆਹ ਹੈ।
ਮੇਰੀ ਨੰਗੀ ਦੇਹੀ ਦਾ
ਕੱਜਣ ਵੀ ਇਹੋ ਹੈ।
ਮੇਰੇ ਪਿੰਡੇ ਦੀ ਛੋਹ ਦਾ
ਸਾਥੀ।

ਇਹ ਤ੍ਰਿਪਤ ਹੁੰਦਾ ਹੈ
ਤੇ ਮੈਂ ਪਿੰਡਾ ਪੂੰਝ
ਖੁਸ਼ਕ ਹੁੰਦਾ ਹਾਂ
ਹੋਂਦ ਖ਼ੁਸ਼ੀ ਬਣ ਜਾਂਦੀ ਹੈ।

ਬਾਥਰੂਮ 'ਚ ਨਹਾਉਣ ਵੇਲੇ
ਮੈਂ ਅਤੇ ਤੌਲੀਆ
ਇੱਕ-ਮਿੱਕ ਹੋ ਜਾਂਦੇ ਹਾਂ।

ਆ, ਆਪਾਂ ਵੀ
ਇੰਝ ਹੀ ਮਿਲੀਏ
ਦੂਰੀ ਰਹੇ ਨਾ ਵਿਚਕਾਰ।
ਧੁੱਪੇ ਸੁੱਕਦੇ ਤੌਲੀਏ ਨੂੰ
ਉਹ ਨੀਝ ਲਾ ਤੱਕਣ ਲੱਗਦੀ ਹੈ।

# ਘਰ

ਮੈਨੂੰ ਉਹ ਘਰ ਚੰਗਾ ਲੱਗੇ
ਜਿੱਥੇ ਦੀਵਾ ਬਲਦਾ
ਦੀਵੇ ਨੇੜੇ
ਬੈਠੀ ਪਿਆਰੀ ਮਾਂ
ਕੰਮੀਂ ਰੁੱਝੀ
ਘਰ ਨੂੰ ਸਿਰਜੇ
ਮਮਤਾ ਉਪਜੇ
ਸੁਪਨੇ ਕੱਤੇ,
ਘਰ ਪਿਆ ਹੱਸੇ!

●

# ਮਮਤਾ

ਬੱਚਾ ਬਾਹਰੋਂ
ਰੋਂਦਾ ਆਇਆ
ਮਾਂ ਕਲੇਜੜੇ ਧੂ ਪਈ,
ਗੋਦੀ ਲੈ ਉਸ
ਚੁੱਪ ਕਰਾਇਆ
ਸ਼ੁਕਰ ਮਨਾਇਆ
ਅੱਥਰੂ ਪੂੰਝੇ
ਮਾਂ ਦੀ ਥਾਂ
ਕੋਈ ਲੈ ਨਾ ਸਕੇ।

•

## ਹੁਸਨ

ਘੰਟੀ ਵੱਜੀ
ਕੋਰੀਅਰ ਵਾਲਾ ਡਾਕ ਲਿਆਇਆ
ਬੂਹਾ ਖੋਲ੍ਹ ਗੁਆਂਢਣ ਨਿਕਲੀ
ਸਜੀ-ਸਜੀਲੀ ਮੂਰਤ ਵਰਗੀ
ਕਾਗਜ਼ ਦੀ ਥਾਂ
ਹਥੇਲੀ ਉੱਤੇ ਦਸਤਖ਼ਤ ਲੈ ਕੇ
ਗੁਆਚ ਗਿਆ ਉਹ।

●

## ਅੱਖਰਾਂ ਦੇ ਦੀਵੇ

ਉਹ ਜਾਗੇ
ਪਰ ਸ਼ਹਿਰ ਸੁੱਤਾ
ਅੱਖਰਾਂ ਦੇ ਦੀਵੇ ਪਿਆ ਬਾਲੇ,
ਬਾਹਰ ਘੁੱਪ ਹਨ੍ਹੇਰਾ
ਵਿਰਲਾਂ ਥੀਂ ਚਾਨਣ ਨੂੰ ਤੱਕ ਕੇ
ਚੋਰਾਂ ਵਾਂਗੂ ਭੱਜਿਆ ਜਾਵੇ।

●

## ਕਿਰਨ

ਪਹਿਲੀ ਕਿਰਨ
ਸਵੱਖ਼ਤੇ ਹੀ ਚੱਲ
ਦਰ 'ਤੇ ਦਸਤਕ ਦੇਵਣ ਆਈ,
ਘਰ ਸੁੱਚੜਾ ਹੋਇਆ
ਜਿਉਂ ਕਿਸੇ ਰਿਸ਼ੀ
ਅਸੀਸ ਹੈ ਦਿੱਤੀ।

## ਕਣਕ ਦਾ ਉੱਗਣਾ

ਪੁੱਤਰ ਨੇ ਆ
ਖ਼ਬਰ ਦਿੱਤੀ
ਬਾਪੂ ਆਪਣੇ ਖੇਤ 'ਚ
ਕਣਕ ਉੱਗ ਆਈ ਐ।
ਬਾਪੂ ਦਾ ਚਿਹਰਾ ਖਿੜਿਆ
ਤੇ ਅੱਟਣਾ ਵਾਲੇ ਹੱਥਾਂ ਨੂੰ
ਵੇਖਣ ਲੱਗ ਪਿਆ।

●

## ਮਿਠਾਸ

ਫੁੱਲ ਰੰਗ-ਬਰੰਗੇ
ਵੇਖ ਕੇ
ਤਿਤਲੀ ਨੂੰ ਚਾਅ ਚੜ੍ਹਿਆ,
ਰਸ ਏਨਾ ਮਿੱਠਾ ਸੀ
ਤਿਤਲੀ ਉੱਡਣਾ ਹੀ
ਭੁੱਲ ਗਈ।

●

# ਦਰਦਾਂ ਦੀ ਚੁਟਕੀ



ਲੈ ਦਰਦਾਂ ਦੀ ਚੁਟਕੀ ਲੈ ਜਾ
ਸਾਡੇ ਦਰ ਤਾਂ ਇਹੋ ਕੁਝ ਹੈ।
ਨਾ ਹੀਰੇ, ਨਾ ਮੋਤੀ ਜਵਾਹਰ
ਸਾਡੀ ਇਹੋ ਕਮਾਈ ਖੱਟੀ,
ਨਾ ਪਾਪਾਂ ਦੀ ਕਾਲੀ ਥੈਲੀ
ਨਾ ਅਣਹੱਕ ਕਮਾਈ।
ਇਸ ਚੁਟਕੀ ਲਈ ਉਮਰਾਂ ਲਾਈਆਂ
ਰੱਖੀਆਂ ਨੀਤਾਂ ਸਾਫ਼ ਸੁਥਰੀਆਂ
ਨਾ ਪੱਲੇ ਮਾਇਆ ਦੀ ਲੀਲ੍ਹਾ
ਨਾ ਪੱਲੇ ਸੋਨੇ ਦੀਆਂ ਇੱਟਾਂ
ਏਥੇ ਤਾਂ ਚਿੱਪੀ ਵਿੱਚ ਸਾਡੇ
ਆਹਾਂ, ਅਰਜਾਂ ਤੇ ਸੱਚਿਆਈਆਂ
ਚੁਟਕੀ ਦੇ ਦਰਦਾਂ ਵਿੱਚ ਸੁੱਤੀਆਂ
ਧਰਤ ਪੀੜ ਦਿਲਬਰੀਆਂ
ਜੋ ਚਾਨਣ ਢੂੰਡਣ ਘਰ ਤੋਂ ਚੱਲੀਆਂ
ਉਮਰਾਂ ਗਈਆਂ ਵਿਹਾਈਆਂ
ਇਹ ਦਰਦਾਂ ਦੀਆਂ ਪੀੜਾਂ ਸਾਈਆਂ
ਸਾਡੇ ਹੀ ਲੇਖਾਂ ਵਿੱਚ ਆਈਆਂ
ਇਹੋ ਸੁੱਚਮ ਕਮਾਈਆਂ।

– ਮਨਮੋਹਨ ਸਿੰਘ ਦਾਊਂ

Tarlochan Publishers
Dharti Di Kambani